

*I believe that terrorism stands in the way of democracy, human rights, economic development, and world peace...*

AMIT SHAH
HOME MINISTER



# Bharat Jodo Yatra: MP govt ensures foolproof security

SNS & AGENCIES
BHOPAL, 19 NOVEMBER



A day after an anonymous letter threatening to assassinate Rahul Gandhi and state Congress chief Kamal Nath along with threats of serial blasts in Indore came to the fore, Madhya Pradesh Home Minister Narottam Mishra ruled out the possibility of a threat to Bharat Jodo Yatra in the state.

Responding to an alleged threatening letter, which was reportedly received by an Indore shop owner on Thursday, Mishra said the state government has ensured to provide full security for Rahul Gandhi's yatra in Madhya Pradesh.

"The government is responsible for the foolproof security of Rahul Gandhi during the Bharat Jodo Yatra in Madhya Pradesh. I want to assure them that it is our commitment as far as providing security is concerned," Mishra said on Saturday. Mishra, a senior BJP leader, who often attacks Rahul Gandhi and the Congress, however, accused Nath of rubbing salt to the wounds of victims of the 1984 anti-Sikh riots by going to the Khalsa Stadium for a function earlier this month.

Taking a jibe, Mishra said, "Perhaps, Kamal Nath does not want Rahul Gandhi's yatra to come to Madhya Pradesh, that is why he is doing all these stunts."

The anonymous letter threatened that bomb blasts would be carried out in that city if the Bharat Jodo Yatra made a scheduled night halt at Khalsa Stadium here on November 28. Indore police had said on Friday that a case has been lodged against an unidentified accused u/s 507 IPC (criminal intimidation by an anonymous communication) at Indore's Juni police station.

Sources in the police also said that the top cops in Indore are mulling over slapping the National Security Act (NSA) against the accused, once they get nabbed.

The letter, which bears the photocopy of an election photo identity card (EPIC) of a Karnal-based youth, is written in Hindi. Containing abusive language, the letter, while mentioning the 1984 anti-Sikh riots, points to Kamal Nath's alleged role in the targeted killings of the Sikh community. Khalsa Stadium in Indore was in news earlier this month after there was a controversy over Nath being felicitated at a function held there on the occasion of Guru Nanak Jayanti on November 8.

Kirtan singer Manpreet Singh Kanpuri had referred to the 1984 anti-Sikh riots, regarding which Nath had faced allegations in the past, and blasted the organisers for felicitating Nath.

The BJP has already announced that if Nath enters the stadium during the Bharat Jodo Yatra, it will be shown black flags.

## THUMBNAILS



The Union Minister of Skill Development and Entrepreneurship and Electronics and IT, Rajeev Chandrasekhar visits the Kerala pavilion at the India International Trade Fair (IITF), Pragati Maidan in the Capital. SNS

**Fire breaks out in auto-rickshaw in Karnataka:** A fire broke out in an auto rickshaw in the Kankanadi police station area on Saturday at around 5 pm. The auto driver and a passenger sustained injuries and were admitted to hospital.The police officials rushed to the spot and are probing the reason behind the fire. "Forensic Science Lab team has been called to probe the reason behind the fire. The public should not pay heed to any rumours," he said. ANI

# Maha rejigs 14-member panel for border row with Karnataka

SNS & AGENCIES
MUMBAI, 19 NOVEMBER

A fortnight after the Governors of Maharashtra and Karnataka met, the Maharashtra government has recast its all-party 14-member high power committee (HPC) on the old boundary row affecting the two states, officials said here on Saturday. The HPC headed by Chief Minister Eknath Shinde comprises Deputy CM Devendra Fadnavis, Union minister Narayan Rane, and ministers Chandrakant Patil, Suresh Khade, Tanaji Swant, Ravindra Chavan, Deepak Kesarkar, Shambhuraj Desai from the ruling Balasahebanchi Shiv Sena (BSS) and Bharatiya Janata Party (BJP).

Also included are former Union Minister and Nationalist Congress Party President Sharad Pawar and NCP's Leader of Opposition in Maharashtra Assembly Ajit Pawar, Leader of Opposition in Council Ambadas Danve of Shiv Sena (UBT), Congress' former CM Prithviraj Chavan, and others.

The HCP has been entrusted with determining the future course to resolve the long-delayed border dispute and take necessary decisions and action in the matter, as per notification.

Established in May 2000, earlier the HPC was revamped in May 2014, June 2014, March 2015, and September 2020, and has been done for the fifth time now after the change of government in the state last June. Maharashtra has laid a claim over some 7,000 sq km area along the border with Karnataka comprising 814 predominantly Marathi-speaking villages in Belgaum, Uttara Kannada, Bidar and Gulbarga and the towns of Belagavi, Karwar and Nippani.

PROCLAMATION REQUIRING ATTENDANCE OF DEFENDANT
(Order 5, Rule 20 of the Code of Civil Procedure)
IN THE COURT OF MS. DEEKSHA RAO, CIVIL JUDGE AT CENTRAL, DELHI
CS SCJ/417/2021
NEXT DATE OF HEARING 07.12.2022
ICICI BANK LTD.
Against
SANDEEP KUMAR ...Defendant
To,
SANDEEP KUMAR
S/O. SANDEEP KUMAR
R/O. HOUSE NO. 81, BADHA MAUHALLA, BEHAWA PS DHAULANA, GHAZIABAD, UTTAR PRADESH- 245101
THE DEFENDANT ABOVE NAMED
WHEREAS you are intentionally evading service of summons, it is hereby notified that if you shall not defend the case on the **07-12-2022** the day fixed for the final disposal, it will be heard and determined ex-parte.
Given under my hand and the seal of the Court this **27.10.2022.**
Civil Judge-04, (Central), Delhi

# Gang rape in moving car: Woman among four arrested in Kerala

STATESMAN NEWS SERVICE
T'PURAM, 19 NOVEMBER

Kerala police have arrested four persons, three men and a Rajasthani woman, on charges of raping a 19-year-old model inside a moving car in Kochi.

Kochi City Police Commissioner CH Nagaraju said that the police recorded the arrest of all four accused in the gang-rape of a model in Kochi on Thursday night. Earlier, police have taken Dimple Lamba (Dolly), hailing from Rajasthan, and Kodungalur natives, Vivek, Sudeep, and Nithin, into custody in connection with the alleged gang rape that took place in a moving car in Kochi. It is learnt that the three men are Dimple Lamba's friends.

The City police commissioner said that the probe team also slapped conspiracy charges against the accused. The victim was convinced and brought to the bar in the name of a DJ party. Dimple Lamba who is also active in the modelling field was acquainted with the victim.

Police said they were investigating the background of the four accused and will produce them before court soon.

The accused were charged under sections for criminal conspiracy, rape, and kidnapping among others.

Meanwhile, the police have recorded the statement of the 19-year-old victim, who hails from Kasargod. The victim reportedly told the police that her modelling friend Dimple Lamba took her to a bar near Cochin shipyard where she was given beer mixed with some intoxicant. After drinking it, the girl collapsed.

"I was gang-raped by three men for so many time as they drove the car around the city on Thursday night," she reportedly told the police. The accused then dropped her at her apartment in Kakkanad. It was the survivor's friend that informed the police about the incident and shifted her to a hospital .The girl is currently undergoing treatment at Kalamassery Medical College hospital. The girl told the police that she could identify all the men who sexually assaulted her in the car

Responding to the incident, leader of Opposition in the Assembly VD Satheesan said that the news that a 19-year-old girl was gang raped in a moving car in Kochi city is shocking. He also asked whether this is the women's safety that the government is always propagating.

The opposition leader said in a statement that the police had also failed to notice the gang-rape that took place on a public street

"A girl was gang-raped for three-and-a-half hours on a public street in a lively city, but the police did not notice it," Satheesan said.

MUNICIPAL CORPORATION OF DELHI
VIGILANCE DEPARTMENT
26th FLOOR, CIVIC CENTRE, J.L.N. MARG, MINTO ROAD, NEW DELHI-110002
No. JLO/CSC/Vig./MCD/2022/122 Dated: 15.11.2022
NOTICE
Sh. Ompal S/o Sh. Mukhtiyar Singh, Nalla Beldar Ward No. 51E, Div.(M-III), Shah.(N) Zone has unauthorizedly been absenting himself from duty since 26.08.2018. He is hereby directed to report in Vigilance Department within 07 days of the publication of this notice failing which action will be initiated against him without any further notice.
RO No. 50/DPI/MCD/2022-23 Consultant(Law)/Vig.

# It's 'neither publicity nor a stunt', says IAS officer after EC move

SNS & AGENCIES
NEW DELHI, 19 NOVEMBER




Abhishek Singh, the IAS officer who was barred from election duty for sharing his posting on Instagram, said that it was "neither publicity nor a stunt".

Taking to Twitter on Friday night, he said: "I accept the Hon'ble ECI's decision with all humilit . Though I believe there's nothing wrong in this post. A public servant, in a car bought by public's money, reporting for public duty, with public officials, communicating it to the public. It is neither publicity nor a stunt!"

His remarks came hours after the Election Commission said that it removed Singh from election duty after he shared his posting as General Observer on the social media platform.

"Now, it has come to the notice of the Commission that Sh. Abhishek Singh, IAS (UP:2011) has used social media platform 'Instagram' for sharing his posting/joining as General Observer and used his official position as a publicity stunt," the EC said in its order. Singh was appointed as General Observer for Assembly Constituency 49-Bapunagar and 56-Asarwa of Gujarat's Ahmedabad district.

# International Gita Mahotsav gets underway in Kurukshetra

STATESMAN NEWS SERVICE
CHANDIGARH, 19 NOVEMBER




The International Gita Mahotsav (IGM)-2022 took off to a grand start on Saturday with inauguration of Saras Mela in Kurukshetra by Haryana Chief Minister Manohar Lal Khattar.

Addressing devotees, the CN said the main programme of IGM-2022 will formally begin on November 29 after the inauguration by the President, Droupadi Murmu. Khattar later also met the artists and craftsmen amidst a wonderful confluence of dhol-nagadas, craftsmen and artists. He congratulated and extended best wishes to the people involved in the organising of this event.

"Thousands of years ago, on the land of Kurukshetra, Lord Shri Krishna delivered an immortal message for humanity which is enshrined in the holy Bhagavad Gita. The message and teachings preached by Lord Krishna still hold the same relevance as they did then. The message of Gita will be remembered for ages," he said.

The CM said celebrations of IGM-2022 are not limited to Kurukshetra only but this holy grand festival of Gita has been successfully celebrated at the international level also. He said devotees from all over the country and abroad will attend IGM-2022. It is expected that in the post-Covid-19 pandemic times, devotees will be reaching in large numbers.

Along with this, artists, craftsmen, artisans and self-help groups from different provinces have reached the IGM-2022 to display their skills and products.

The CM said this time a separate stall has been set up for the handicraft makers of Haryana, which has become a centre of attraction for foreign tourists. Such initiatives certainly provide employment to the local people along with giving a golden opportunity for the tourists to become familiar with Haryana's culture. Foreign tourists from 25 countries are expected to visit the IGM-2022, he added.

Khattar said passengers from 10 districts travelling to IGM-2022 will get a 50 per cent concession in state transport buses from 19 November to 6 December. People coming from Kurukshetra, Karnal, Panipat, Jind, Kaithal, Panchkula, Ambala, Yamunanagar, Sonipat and Rohtak districts have been provided concession in bus fare on reaching Kurukshetra, he informed.

**Milkfood Limited**
CIN :L15201PB1973PLC003746
Regd. Office: P.O. Bahadurgarh, Distt.: Patiala -147021, (Punjab),
Tel: 0175- 2381404/2381415, Fax: 0175-2380248
Email: milkfoodltd@milkfoodltd.com
Website: www.milkfoodltd.com
milkfood
NOTICE
Notice is hereby given pursuant to provision of Section 91 and other applicable provision of the Companies Act, 2013, and the applicable Rules thereunder, that the Board of Directors in its meeting held on Saturday, 19th November, 2022 inter alia has declared Interim Dividend of @ 25% i.e. Rs. 2.50 per fully paid up equity share of Rs.10/- each of the company of the Financial Year [2022-23]. The same shall be payable to those shareholders whose name appear on the Register of members at the close of business hours on Wednesday, 30th November, 2022 i.e. Record Date. The said Interim Dividend will be credited/dispatched to the members within 30 days of the record date.
For Milkfood Limited
Sd/-
Date: 19.11.2022 Rakesh Kumar Thakur
Place: New Delhi Company Secretary

SEARCH FOR MISSING MALE
General Public is hereby informed that one male (depicted in the photo) namely Parveen **S/o** Late Mohan Lal **R/o** C-626, JJ Colony Hastsal Road, Uttam Nagar, New Delhi **Aged**-40 Years has been reported missing since 28.10.2022 at about 9:30 AM from his residence vide **DD No.70A Dated 30.10.2022** registered at Police Station Uttam Nagar, Delhi. His physical description is as under:-



Parveen
**Complexion:** Wheatish, **Height:** 5'8", **Face:** Round, **Built:** Normal, **Clothing:** Green coloured check shirt, Blue coloured jeans and Blue coloured shoes in feet.
Any person having any information/Clue about this missing male, may inform SHO, Uttam Nagar, Delhi at E-mail : cic@cbi.gov.in or website : http://cbi.nic.in
Sd/-
Tele No. : 011-24368638 or 24368641 SHO, Uttam Nagar, Delhi
FAX No. : 011-24368639 Tel.: 011-25377425
DP/2891/DW/2022 Mob.: 9205634763, 8750871026

# Assam's elephant Joymala still in chains

STATESMAN NEWS SERVICE
GUWAHATI, 19 NOVEMBER



Leased out of Assam more than a decade back, an elephant Joymala (also known as Jeymalyatha) continues to be shackled in chains in a Tamil Nadu temple. People for the Ethical Treatment of Animals (PeTA) India, which brought the female elephant's issue to the public, also added that Joymala is kept in complete isolation from others of her kind.

Presently in the custody of Tamil Nadu's Srivilliputhur Nachiyar Thirukovil temple, Joymala was claimed to be fine by the State's Hindu religious and charitable endowments department few days back, but PeTA India through its latest video evidence refuted it and asserted that the elephant has not been returned to the custodian in Assam even though the permit had already expired.

The organisation affirms that Joymala is living with deep wounds on legs indicating her long-term chaining. After a veterinary inspection visit was made to Joymala in July, it submitted a report to Tamil Nadu officials explaining that her feet are painfully infected and Joymala was controlled with pliers.

"She (Joymala) is forced to live on unhealthy surfaces that lead to infection and osteomyelitis. No visitors are allowed to enter the area where Joymala is now kept. Enough is enough. It is high time for Joymala to be sent to a rehabilitation centre, where she can feel safe, recover from her trauma, and be in the company of other elephants," said PeTA India's campaign manager Radhika Suryavanshi.

Assam environment & forest department is also seeking directions for the transfer of abused Joymala back to the State from Tamil Nadu through Gauhati High Court. However, PeTA India recommends Joymala be sent to a specialised rehabilitation centre skilled in handling abused elephants, as approved by the Union government's Project Elephant initiative, where she can live unchained and in the company of other elephants.

But Joymala is not the only elephant leased out of Assam as a convincing source claims that no less than hundred elephants have been leased (or sold in secret) in the last decade. The State forest department, which provides a certificate for transferring an elephant from one place to another, needs to clarify that it has not leased or sold Joymala to TN temple authority, rather it was taken from a private owner following some understanding, best known to the individual and Joymala's present custodian.

Soumyadeep Datta, a wildlife expert associated with the Union government's Project Elephant initiative, argues that the elephant, even though it may be domesticated, is always recognised as wild in India and hence the forest authorities have some responsibilities all the time. He argued that if anyone wants to lease an elephant (for being unable to support the care or any other reason), the forest department avoids giving permission and the owner should be advised (directed) to release it in the wild following necessary preparations.

# Odisha repeals Covid restrictions



SNS & AGENCIES
BHUBANESWAR, 19 NOVEMBER

With the improvement in Covid-19 pandemic situation, Odisha government on Saturday withdrew all Covid-19 related restrictions and penalties imposed on gatherings, wearing masks, spitting, etc in 2020.

"In view of the substantial decline of Covid-19 cases in the state over the past several months, the government after careful consideration has been pleased to repeal the Odisha Covid-19 Regulations, 2020 as amended from time to time with immediate effect," read a notification issued by the state health department.

The government has appealed to the people to follow Covid appropriate behaviour as and when found necessary.

CENTRUM Home Loans
Corporate & Registered Office : Unit No. 801, Centrum House, CST Road, Vidyanagri Marg, Kalina Santacruz (East), Mumbai - 400098, CIN No. U65922MH2016PLC273826
POSSESSION NOTICE
(As per Rule 8(1) of the Security Interest Enforcement Rules, 2002)
Loan Account No. MTCAG21006369
Whereas, the undersigned being the Authorised Officer of the Centrum Housing Finance Limited, under the Securitization and Reconstruction of Financial Assets and Enforcement of Security Interest Act, 2002 and in exercise of powers conferred under section 13(12) read with rule 3 of the Security Interest (Enforcement) Rules, 2002. Issued a demand notice dated 17-08-2022 calling upon **Shiv Kumar as Borrower and Reena Kumari** as the Co-borrower to repay the outstanding amount mentioned in the notice being **Rs. 16,80,594 /- (Rupees Sixteen Lakh Eighty Thousand Five Hundred Ninety Four Only )** as on 31-08-2022 along with contractual interest, penal interest, charges, costs etc. within 60 days from the date of the said notice.
The borrower, having failed to repay the amount, notice is hereby given to the borrower, in particular and the public, in general, that the undersigned has taken possession of the property described herein below in exercise of powers conferred on him under section 13(4) of the said Act read with rule 8 of the Security Interest (Enforcement) Rules, 2002 on this **16th day of November 2022.**
The borrower, in particular, and the public, in general, are hereby cautioned not to deal with the property and any dealings with the property will be subject to the charge of the Centrum Housing Finance Limited, for an amount of **Rs. 16,80,594 /- (Rupees Sixteen Lakh Eighty Thousand Five Hundred Ninety Four Only )** along with the contractual interest thereon and penal interest, charges, costs etc.
The borrower's attention is invited to provisions of sub-section (8) of Section 13 of Act, in respect of time available, to redeem the secured assets.
DESCRIPTION OF THE IMMOVABLE PROPERTY
In the rights, piece and parcel of immovable property-House on Plot No.06 Khasara No. 499 & 500 Part, Dubey Vihar Mauza Bodla Lohamandi Ward, Agra- 282022 Uttar Pradesh. Boundaries: **East** : 20ft Road, **West** : House on Plot No. 05, **North** : Part of Plot No. 06, **South** : 20 Ft Road.
Sd/-
**Date : 16.11.2022** **Authorised Officer**
**Place : Agra** **For Centrum Housing Finance Ltd**

# ਸਰਹੱਦ ਤੋਂ ਦਿਸਦਾ ਆਪਣਾ ਪਿੰਡ

—ਡਾ. ਐੱਸ.ਐੱਸ. ਛੀਨਾ

ਦੇਸ਼ ਦੀ ਅਜ਼ਾਦੀ ਲਈ ਹਰ ਕੋਈ ਤੱਤਪਰ ਸੀ ਭਾਵੇਂ ਉਹ ਹਿੰਦੂ ਸੀ, ਸਿੱਖ ਸੀ, ਮੁਸਲਿਮ ਜਾਂ ਇਸਾਈ ਸੀ, ਹਰ ਕੋਈ ਵੋਟ ਦਾ ਹੱਕ ਚਾਹੁੰਦਾ ਸੀ ਹਰ ਕੋਈ ਪ੍ਰਬੰਧ ਦਾ ਹਿੱਸਾ ਬਨਣਾ ਚਾਹੁੰਦਾ ਸੀ ਅਤੇ ਦੁਨੀਆਂ ਦੇ ਹੋਰ ਦੇਸ਼ਾਂ ਦੀ ਤਰ੍ਹਾਂ ਲੋਕਤੰਤਰ ਨੂੰ ਆਪਣੇ ਦੇਸ਼ ਵਿਚ ਬਹਾਲ ਕਰਨਾ ਚਾਹੁੰਦਾ ਸੀ। ਪਰ ਮਾਰਚ 1947 ਤੋਂ ਪਹਿਲਾਂ ਹੀ ਇਹ ਨਵੀਆਂ ਅਫਵਾਹਾਂ ਸ਼ੁਰੂ ਹੋ ਗਈਆਂ ਕਿ ਇਕ ਦੇਸ਼ ਪਾਕਿਸਤਾਨ ਬਨਣਾ ਹੈ, ਇਕ ਭਾਰਤ, ਪੰਜਾਬ ਦੀ ਵੰਡ ਹੋਣੀ ਹੈ। ਕੁਝ ਲੋਕਾਂ ਨੂੰ ਪੱਛਮੀ ਪੰਜਾਬ ਤੋਂ ਪੂਰਬੀ ਪੰਜਾਬ ਜਾਣਾ ਪੈਣਾ ਹੈ ਅਤੇ ਦੂਸਰੀ ਤਰਫ ਕੁਝ ਲੋਕਾਂ ਨੂੰ ਪੂਰਬੀ ਪੰਜਾਬ ਤੋਂ ਪੱਛਮੀ ਪੰਜਾਬ ਜਾਣਾ ਪੈਣਾ ਸੀ। ਹਿੰਦੂਆਂ ਸਿੱਖਾਂ ਨੂੰ ਪੂਰਬੀ ਪੰਜਾਬ ਅਤੇ ਮੁਸਲਮਾਨਾਂ ਨੂੰ ਪੱਛਮੀ ਪੰਜਾਬ ਜਾਣਾ ਪੈਣਾ ਸੀ। ਦੇਸ਼ ਦੀ ਸੁਤੰਤਰਤਾ ਦੇ ਨਜ਼ਦੀਕ ਪਹੁੰਚਦਿਆਂ-ਪਹੁੰਚਦਿਆਂ, ਇਸ ਤਰ੍ਹਾਂ ਦੀ ਚਰਚਾ ਇਕ ਵੱਡੇ ਫ਼ਿਕਰ ਵਾਲੀ ਗੱਲ ਬਣਦੀ ਜਾਂਦੀ ਸੀ ਅਤੇ ਇਸ ਖਿੱਤੇ ਵਿਚ ਸੁਤੰਤਰਤਾ ਦੀ ਖੁਸ਼ੀ, ਇਸ ਫ਼ਿਕਰ ਕਰ ਕੇ ਵੱਡੀ ਚਿੰਤਾ ਵਾਲੀ ਗਲ ਬਣ ਗਈ ਸੀ, ਖ਼ਾਸ ਕਰਕੇ ਉਹਨਾਂ ਲੋਕਾਂ ਲਈ, ਜਿੰਨਾਂ ਨੂੰ ਆਪਣੇ ਘਰ ਅਤੇ ਜਾਇਦਾਦਾਂ ਛੱਡਣੀਆਂ ਪੈਣੀਆਂ ਸਨ, ਉਹ ਭਾਵੇਂ ਪੂਰਬੀ ਪੰਜਾਬ ਦੇ ਸਨ ਜਾਂ ਪੱਛਮੀ ਪੰਜਾਬ ਦੇ। ਦੁਨੀਆਂ ਦੇ ਇਤਿਹਾਸ ਵਿਚ ਇਸ ਪੱਧਰ 'ਤੇ ਵੱਡੀ ਵਸੋਂ ਦੇ ਤਬਾਦਲੇ ਦੀ ਕੋਈ ਮਿਸਾਲ ਨਹੀਂ ਸੀ ਮਿਲਦੀ। ਖ਼ਾਸ ਕਰਕੇ, ਉਸ ਹਾਲਤ ਵਿਚ ਤਬਾਦਲਾ ਜਦੋਂ ਕਿ ਇਹ ਤਬਾਦਲਾ ਧਰਮ ਦੇ ਆਧਾਰ 'ਤੇ ਹੋ ਰਿਹਾ ਹੋਵੇ। ਪੰਜਾਬ, ਦਿੱਲੀ ਤੋਂ ਸ਼ੁਰੂ ਹੋ ਕੇ ਅੱਟਕ ਤਕ ਦਾ ਇਲਾਕਾ ਸੀ ਜਿੱਥੇ ਸਦੀਆਂ ਤੋਂ ਹਿੰਦੂ, ਸਿੱਖ, ਮੁਸਲਿਮ ਅਤੇ ਈਸਾਈ ਇਕੱਠੇ ਰਹਿ ਰਹੇ ਸਨ ਅਤੇ ਇਹ ਤਾਂ ਕਿਸੇ ਦੇ ਦਿਮਾਗ਼ ਵਿਚ ਨਹੀਂ ਸੀ ਆਇਆ ਕਿ ਜਿਥੇ ਉਹ ਜੰਮੇ, ਪਲੇ ਸਨ ਉਹ ਇਲਾਕਾ ਉਹਨਾਂ ਲਈ ਬੇਗਾਨਾ ਦੇਸ਼ ਬਣ ਜਾਵੇਗਾ।

ਭਾਵੇਂ ਕਿ ਦੇਸ਼ ਦੀ ਵੰਡ ਨਾਲ ਵਸੋਂ ਦੇ ਤਬਾਦਲੇ ਦੀ ਗੱਲ ਨਹੀਂ ਸੀ ਕੀਤੀ ਗਈ, ਪਰ ਜਦੋਂ ਵੱਖ-ਵੱਖ ਇਲਾਕਿਆਂ ਵਿਚ ਫਿਰਕੂ ਦੰਗੇ ਸ਼ੁਰੂ ਹੋ ਗਏ ਅਤੇ ਰਾਵਲਪਿੰਡੀ ਦੇ ਖੇਤਰ ਵਿਚ ਵੱਡੀ ਪੱਧਰ ਤੇ ਸਿੱਖਾਂ ਹਿੰਦੂਆਂ ਨੂੰ ਕਤਲ ਕਰ ਦਿੱਤਾ ਗਿਆ ਤਾਂ ਉਥੋਂ ਅਤੇ ਹੋਰ ਇਲਾਕਿਆਂ ਤੋਂ ਲੋਕ ਆਪਣੇ ਆਪ ਹੀ ਉਠਣੇ ਸ਼ੁਰੂ ਹੋ ਗਏ, ਦੂਸਰੀ ਤਰਫ਼ ਜਿੱਥੇ ਮੁਸਲਿਮ ਘੱਟ ਗਿਣਤੀ ਵਿਚ ਸਨ ਉਥੇ ਮੁਸਲਿਮ ਵਸੋਂ ਦਾ ਵੀ ਬਹੁਤ ਨੁਕਸਾਨ ਹੋਇਆ। ਇਸ ਵੰਡ ਵਿਚ ਈਸਾਈ ਵਸੋਂ ਦੋਵਾਂ ਪੰਜਾਬਾਂ ਵਿਚ ਵੱਡੀ ਪੱਧਰ ਤੇ ਵੰਡੀ ਗਈ। ਉਸ ਵਕਤ ਪੰਜਾਬ ਵਿਚ ਕੋਈ 20 ਲੱਖ ਦੇ ਕਰੀਬ ਇਸਾਈ ਵਸੋਂ ਸੀ, ਜੋ ਜ਼ਿਆਦਾਤਰ ਕਿਰਤ ਜਾਂ ਨੌਕਰੀ ਪੇਸ਼ਾ ਸਨ, ਉਹ ਭਾਰਤ ਜਾਂ ਪਾਕਿਸਤਾਨ ਕਿਸੇ ਵੀ ਜਗ੍ਹਾ ਤੇ ਰਹਿ ਸਕਦੇ ਸਨ। ਬਹੁਤਿਆਂ ਦੇ ਨੌਕਰੀਆਂ ਤੇ ਲੱਗੇ ਹੋਣ ਕਰਕੇ ਅਤੇ ਕਿਰਤ ਕਰਦੇ ਹੋਣ ਕਰਕੇ ਉਹ ਆਪਣੇ-ਆਪਣੇ ਘਰਾਂ ਵਿਚ ਟਿਕੇ ਤਾਂ ਰਹੇ ਪਰ ਉਹਨਾਂ ਦੇ ਪ੍ਰੀਵਾਰ ਵੰਡੇ ਗਏ। ਕੁਝ ਭਰਾ ਇਸ ਤਰਫ, ਕੁਝ ਦੂਸਰੀ ਤਰਫ, ਕੁਝ ਭੈਣਾਂ ਇਧਰ, ਕੁਝ ਭੈਣਾਂ ਉਸ ਤਰਫ, ਭਰਾ ਇਧਰ, ਭੈਣਾਂ ਉਧਰ, ਸਹੁਰੇ ਇਸ ਤਰਫ, ਪੇਕੇ ਦੂਸਰੀ ਤਰਫ ਅਤੇ ਇਸ ਤਰ੍ਹਾਂ ਇਹਨਾਂ ਵਿਚੋਂ ਜ਼ਿਆਦਾ ਪ੍ਰੀਵਾਰ ਵੰਡੇ ਗਏ। ਕਈ ਪ੍ਰੀਵਾਰ ਭਾਵੇਂ ਦੋ ਪਿੰਡਾਂ ਵਿਚ ਮੀਲ, ਦੋ ਮੀਲ ਦੀ ਦੂਰੀ ਤੇ ਸਨ, ਪਰ ਉਸ ਵੰਡ ਦੀ ਲਕੀਰ ਤੋਂ ਇਧਰ ਜਾਂ ਉਧਰ ਹੋਣ ਕਰਕੇ, ਹੁਣ ਉਹ ਪਹਿਲਾਂ ਵਾਂਗ ਰਾਤ, ਸਵੇਰੇ ਜਦੋਂ ਚਾਹੁਣ ਨਹੀਂ ਸਨ ਜਾ ਸਕਦੇ।

ਅਸਲ ਵਿਚ ਪਹਿਲਾਂ ਤਾਂ ਇਸ ਵੰਡ ਦੀ ਗੰਭੀਰਤਾ ਨੂੰ ਸਮਝਿਆ ਵੀ ਨਹੀਂ ਸੀ ਗਿਆ, ਫਿਰ ਜੇ ਸਮਝਿਆ ਵੀ ਗਿਆ ਹੁੰਦਾ ਤਾਂ ਇੰਨਾ ਈਸਾਈ ਪ੍ਰੀਵਾਰਾਂ ਵਲੋਂ ਕਿਸ ਤਰਫ ਜਾਣ ਦਾ ਫ਼ੈਸਲਾ ਕਿਵੇਂ ਕੀਤਾ ਜਾਂਦਾ। ਇਹੋ ਵਜਾਹ ਸੀ ਕਿ ਸਰਹੱਦ ਦੇ ਨਾਲ-ਨਾਲ ਜ਼ਿਲ੍ਹੇ ਜਿਵੇਂ ਗੁਰਦਾਸਪੁਰ, ਸਿਆਲਕੋਟ, ਅੰਮ੍ਰਿਤਸਰ, ਲਹੌਰ, ਫਿਰੋਜ਼ਪੁਰ ਮੁਲਤਾਨ ਆਦਿ ਵਿਚ ਇਨਾਂ ਪ੍ਰੀਵਾਰਾਂ ਦੀ ਵੰਡ ਨੇ ਇੰਨਾਂ ਨੂੰ ਸਾਰੀ ਜ਼ਿੰਦਗੀ ਇਕ ਦੂਸਰੇ ਨੂੰ ਮਿਲਣ ਦੀ ਖਾਹਿਸ਼ ਅਤੇ ਉਡੀਕ ਦੀ ਹਾਲਤ ਨਾਲ ਘੇਰੀ ਰੱਖਿਆ। ਮਾਧੋਪੁਰ ਤੋਂ ਲਾਹੌਰ ਦੇ ਕਰੀਬ ਤਕ ਰਾਵੀ ਦਰਿਆ ਵਗਦਾ ਸੀ, ਜਿਸ ਦੇ ਪੂਰਬੀ ਪਾਸੇ ਭਾਰਤ ਅਤੇ ਪੱਛਮੀ ਕੰਢੇ ਵਲ ਪਾਕਿਸਤਾਨ ਸੀ। ਪਰ ਇਹ ਦਰਿਆ ਵੀ ਹੱਦ ਨਹੀਂ ਸੀ, ਹੱਦ ਤਾਂ ਪਿੰਡਾਂ ਦਾ ਮਾਲ ਦਾ ਰਿਕਾਰਡ ਸੀ ਜਿਸ ਕਰਕੇ, ਕਿਤੇ ਦਰਿਆ ਤੋਂ ਅਗਲੇ ਪਾਸੇ ਵੀ ਭਾਰਤ ਦੇ ਪਿੰਡ ਸਨ ਅਤੇ ਕਿਤੇ ਦਰਿਆ ਤੋਂ ਇਸ ਤਰਫ ਵੀ ਪਾਕਿਸਤਾਨ ਦਾ ਖੇਤਰ ਸੀ। ਦਰਿਆ ਵੀ ਆਪਣਾ ਵੈਹਨ ਬਦਲਦਾ ਰਹਿੰਦਾ ਸੀ ਕਦੀ ਜ਼ਿਆਦਾ ਪਾਕਿਸਤਾਨ ਵਾਲੇ ਪਾਸੇ ਅਤੇ ਕਦੀ ਫਿਰ ਜ਼ਿਆਦਾ ਭਾਰਤ ਵਾਲੇ ਪਾਸੇ, ਵਗਣ ਲੱਗ ਪੈਂਦਾ ਸੀ। ਜਦੋਂ ਇਸ ਵਿਚ ਜ਼ਬਰਦਸਤ ਹੜ੍ਹ ਆ ਜਾਂਦਾ ਸੀ ਤਾਂ ਦਰਿਆ ਦੇ ਪਾਰ ਦੇ ਉਹ ਲੋਕ, ਉਧਰ ਪਾਕਿਸਤਾਨ ਦੇ ਬਾਰਡਰ ਅਤੇ ਦਰਿਆ ਦੇ ਬੇਅੰਤ ਪਾਣੀ ਵਿਚ ਘਿਰ ਜਾਂਦੇ ਸਨ। ਇਸ ਤਰ੍ਹਾਂ ਹੀ ਪਾਕਿਸਤਾਨ ਦੇ ਕਈ ਲੋਕ ਇਧਰ ਭਾਰਤ ਦੇ ਬਾਰਡਰ ਅਤੇ ਉਸ ਤਰਫ ਦੇ ਬੇਅੰਤ ਪਾਣੀ ਨਾਲ ਘਿਰ ਜਾਂਦੇ ਸਨ। ਪਾਣੀ ਦੇ ਵਹਾਅ ਨਾਲ ਕਈ ਉਧਰ ਦੇ ਮਰਦ, ਔਰਤਾਂ ਅਤੇ ਪਸ਼ੂ ਰੁੜ ਕੇ ਇਧਰ ਆ ਜਾਂਦੇ ਅਤੇ ਕਈ ਇਧਰ ਦੇ ਮਰਦ, ਔਰਤਾਂ ਅਤੇ ਪਸ਼ੂ ਰੁੜ ਕੇ ਉਧਰ ਚਲੇ ਜਾਂਦੇ ਅਤੇ ਫਿਰ ਦੋਵਾਂ ਦੇਸ਼ਾਂ ਦੀਆਂ ਸੁਰੱਖਿਆ ਫੌਜਾਂ ਵਲੋਂ ਹਮਦਰਦੀ ਨਾਲ ਉਹਨਾਂ ਨੂੰ ਮੋੜ ਦਿੱਤੇ ਜਾਣ ਦੀਆਂ ਕਈ ਵਾਰ ਘਟਨਾਵਾਂ ਹੋਈਆਂ।

ਇਸ ਤਰ੍ਹਾਂ ਦੀ ਵੰਡ ਵਿਚ ਅਜਨਾਲਾ ਤਹਿਸੀਲ ਦੇ ਬਾਰਡਰ ਤੇ ਬਲੜ੍ਹਵਾਲ ਦਾ ਪਤਨ, ਵੰਡ ਤੋਂ ਪਹਿਲਾਂ ਦਰਿਆ ਰਾਵੀ ਦਾ ਉਹ ਮਸ਼ਹੂਰ ਪੱਤਨ ਸੀ ਜਿਸ ਤੋਂ ਇਧਰ ਉਧਰ ਦੇ ਲੋਕ ਦੇਰ ਸ਼ਾਮ, ਹਨੇਰਾ ਹੋਣ ਤਕ ਆਉਂਦੇ ਜਾਂਦੇ ਰਹਿੰਦੇ ਸਨ। ਸਾਰਾ ਦਿਨ ਬੇੜੀ ਚਲਦੀ ਰਹਿੰਦੀ ਜੋ ਇਧਰ ਅਤੇ ਉਧਰ ਦੇ ਪਿੰਡਾਂ ਦੇ ਲੋਕਾਂ ਨੂੰ ਆਪਸ ਵਿਚ ਮਿਲਾਉਂਦੀ ਰਹਿੰਦੀ। ਇਧਰ ਭਾਵੇਂ ਅੰਮ੍ਰਿਤਸਰ ਜ਼ਿਲ੍ਹੇ ਦੀ ਅਜਨਾਲਾ ਤਹਿਸੀਲ ਦੇ ਪਿੰਡ ਸਨ ਪਰ ਇਧਰ ਅਤੇ ਉਧਰ ਜਾਣ ਵਾਲੇ ਯਾਤਰੀਆਂ ਨੇ ਕਦੀ ਇਸ ਤਰ੍ਹਾਂ ਦਾ ਖ਼ਿਆਲ ਹੀ ਨਹੀਂ ਸੀ ਕੀਤਾ ਕਿ ਉਹ ਦੂਸਰੇ ਜ਼ਿਲ੍ਹੇ ਵੱਲ ਜਾ ਰਹੇ ਸਨ, ਨਾ ਕਦੀ ਕਿਸੇ ਦੇ ਮਨ ਵਿਚ ਇਸ ਤਰ੍ਹਾਂ ਦੀ ਵੰਡ ਦਾ ਖਿਆਲ ਹੀ ਆਇਆ ਸੀ, ਉਸ ਵੇਲੇ ਜੇ ਕੋਈ ਚਰਚਾ ਚਲਦੀ ਤਾਂ ਇਹੋ ਹੀ ਕਿ ਇਸ ਪਤਨ ਵਾਲੀ ਜਗ੍ਹਾ ਤੇ ਜੇ ਪੁਲ ਬਣ ਜਾਵੇ ਤਾਂ ਲੋਕਾਂ ਨੂੰ ਕਿੰਨੀ ਅਸਾਨੀ ਹੋ ਜਾਵੇ। ਕਿਉਂ ਜੋ ਇਧਰੋਂ ਕਈ ਕਰਮਚਾਰੀ ਦਰਿਆ ਤੋਂ ਪਾਰ ਉਧਰ ਨੌਕਰੀ ਕਰਨ ਜਾਂਦੇ ਸਨ ਜੋ ਆਪਣੇ ਸਾਈਕਲ ਲੈ ਕੇ, ਬੇੜੀ ਤੇ ਦਰਿਆ ਪਾਰ ਕਰਦੇ ਸਨ ਅਤੇ ਫਿਰ ਸਾਈਕਲ ਤੇ ਆਪਣੀ ਡਿਊਟੀ ਵਾਲੇ ਪਿੰਡ ਪਹੁੰਚਦੇ ਸਨ। ਇਥੋਂ ਤਕ ਕਿ ਬਲੜ੍ਹਵਾਲ ਦੇ ਸਰਕਾਰੀ ਹਾਈ ਸਕੂਲ ਵਿਚ ਕਈ ਵਿਦਿਆਰਥੀ ਵੀ ਦਰਿਆ ਪਾਰ ਕਰ ਕੇ ਆਉਂਦੇ ਹੁੰਦੇ ਸਨ।

ਪਿੰਡ ਜਗਦੇਵ ਖੁਰਦ ਦੇ ਲੋਕ ਅਜੇ ਤਕ ਵੀ ਯਾਦ ਕਰਦੇ ਹਨ ਕਿ ਦਰਿਆ ਦੇ ਇਸ ਤਰਫ ਬਲੜ੍ਹਵਾਲ ਅਤੇ ਉਸ ਤਰਫ ਬਦੋਵਾਲ ਵੱਡੇ ਪਿੰਡ ਵੀ ਸਨ ਅਤੇ ਇਨ੍ਹਾਂ ਪਿੰਡਾਂ ਦੇ ਲੋਕਾਂ ਵਿਚ ਗੂੜ੍ਹੀ ਸਾਂਝ ਵੀ ਸੀ, ਭਾਵੇਂ ਦੋਵਾਂ ਪਿੰਡਾਂ ਵਿਚ ਦਰਿਆ ਵੀ ਵਗਦਾ ਸੀ। ਬਲੜ੍ਹਵਾਲ ਸਕੂਲ ਦਾ ਹੈਡਮਾਸਟਰ ਅਤੇ ਜ਼ਿਆਦਾਤਰ ਮਾਸਟਰ ਬਦੋਵਾਲ ਤੋਂ ਆਉਂਦੇ ਹੁੰਦੇ ਸਨ। ਮਾਸਟਰ ਨਜੀਰ ਅਹਿਮਦ ਕਾਫੀ ਸਿਹਤਮੰਦ ਅਤੇ ਉੱਚੇ ਲੰਮੇ ਕੱਦ ਦੇ ਸਨ, ਉਹਨਾਂ ਦੀ ਸਲਵਾਰ ਅਤੇ ਲੰਮੀ ਕਮੀਜ਼ ਅਤੇ ਫਿਰ ਉਪਰ ਕੁੱਲੇ ਵਾਲੀ ਪੱਗ ਅਤੇ ਹੱਥ ਵਿਚ ਸੋਟੀ ਫੜੀ ਅੱਜ ਵੀ ਉਸ ਦੇ ਪੁਰਾਣੇ ਵਿਦਿਆਰਥੀਆਂ ਨੂੰ ਯਾਦ ਹੈ। ਉਹਨਾਂ ਵੱਲੋਂ ਪੜ੍ਹਾਇਆ ਹਿਸਾਬ ਅਤੇ ਪਹਾੜੇ, ਡਿਉਢੇ, ਪੌਣੇ ਦੇ ਪਹਾੜੇ ਉਹ ਹੁਣ ਤੱਕ ਵੀ ਨਹੀਂ ਭੁਲੇ, ਭਾਵੇਂ ਕਿ ਕਈ ਤਾਂ ਪੜ੍ਹਾਈ ਵਿਚ ਹੀ ਛੱਡ ਕੇ ਵਾਹੀ ਕਰਨ ਲੱਗ ਪਏ ਸਨ, ਪਰ ਮਾਸਟਰ ਨਜੀਰ ਅਹਿਮਦ ਦੇ ਪੜ੍ਹਾਏ ਪਹਾੜੇ ਉਹਨਾਂ ਨੂੰ ਅੱਜ ਤਕ ਵੀ ਯਾਦ ਸਨ। ਉਹ ਚੰਗਾ ਹਕੀਮ ਸੀ ਅਤੇ ਉਸ ਦੇ ਹਿਕਮਤ ਦੇ ਨੁਸਖ਼ੇ ਅਜੇ ਤਕ ਵੀ ਇੰਨਾ ਪਿੰਡਾਂ ਦੇ ਲੋਕ ਵਰਤਦੇ ਹੋਏ ਕਿਸੇ ਨਾ ਕਿਸੇ ਢੰਗ ਨਾਲ ਮਾਸਟਰ ਨਜੀਰ ਅਹਿਮਦ ਨੂੰ ਯਾਦ ਕਰ ਲੈਂਦੇ ਸਨ। ਉਹ ਸਾਈਕਲ ਨੂੰ ਬੇੜੀ ਤੇ ਰੱਖ ਕੇ, ਸਕੂਲ ਲੱਗਣ ਤੋਂ ਹਮੇਸ਼ਾ ਹੀ ਪਹਿਲੋਂ ਸਕੂਲ ਪਹੁੰਚਦੇ ਸਨ ਉਨ੍ਹਾਂ ਦੀ ਸਲਵਾਰ ਦੇ ਸਜੇ ਪੌਂਚੇ ਤੇ ਉਹਨਾਂ ਵਲੋਂ ਲਗਾਈ ਇਕ ਚੂੰਡੀ ਜੋ ਉਹਨਾਂ ਨੇ ਇਸ ਕਰਕੇ ਲਗਾਈ ਹੁੰਦੀ ਸੀ ਕਿ ਸਾਈਕਲ ਚਲਾਉਂਦਿਆਂ ਉਹਨਾਂ ਦੀ ਸਲਵਾਰ ਸਾਈਕਲ ਦੀ ਚੈਨ ਵਿਚ ਨਾ ਅੜ ਜਾਵੇ। ਉਹ ਚੂੰਡੀ, ਉਹਨਾਂ ਦੀ ਸਲਵਾਰ ਨੂੰ ਲਗੀ ਰਹਿੰਦੀ ਅਤੇ ਵਿਦਿਆਰਥੀਆਂ ਵਿਚ ਇਹ ਹੌਸਲਾ ਨਾ ਪੈਂਦਾ ਕਿ ਉਹ ਉਹਨਾਂ ਨੂੰ ਇਸ ਸਬੰਧੀ ਯਾਦ ਕਰਾਉਂਦੇ। ਇਸ ਤਰ੍ਹਾਂ ਦੇ ਸੀਨ ਅਜੇ ਤਕ ਉਸ ਦੇ ਪੁਰਾਣੇ ਵਿਦਿਆਰਥੀਆਂ ਨੂੰ ਯਾਦ ਸਨ।

ਜਦੋਂ ਫਿਰਕੀ ਜਨੂੰਨ ਦੀਆਂ ਬਹੁਤ ਸਾਰੀਆਂ ਖ਼ਬਰਾਂ ਆਉਣ ਲੱਗ ਪਈਆਂ ਤਾਂ ਸਕੂਲ ਵਿਚ ਵੀ ਇਸ ਤਰ੍ਹਾਂ ਦੀ ਬਹਿਸ ਛਿੜ ਜਾਂਦੀ ਜਾਂ ਕਈ ਸਿਆਣੀ ਉਮਰ ਦੇ ਹਿੰਦੂ, ਸਿੱਖ, ਮੁਸਲਿਮ ਵਿਦਿਆਰਥੀ ਇਸ ਬਾਰੇ ਕੋਈ ਸੁਆਲ ਕਰਦੇ ਤਾਂ ਮਾਸਟਰ ਨਜੀਰ ਅਹਿਮਦ ਉਹਨਾਂ ਨੂੰ ਝਿੜਕ ਦਿੰਦੇ। ਇਕ ਉਸਤਾਦ ਲਈ ਹਿੰਦੂ, ਸਿੱਖ, ਮੁਸਲਿਮ, ਈਸਾਈ ਸਭ ਵਿਦਿਆਰਥੀ ਉਸ ਦੇ ਉਸ ਤਰ੍ਹਾਂ ਦੇ ਹੀ ਬੱਚੇ ਹਨ ਜਿਸ ਤਰ੍ਹਾਂ ਦੇ ਬੱਚੇ ਉਹ ਘਰ ਛੱਡ ਕੇ ਆਉਂਦੇ ਹਨ। ਸਾਰੇ ਹੀ ਬੱਚੇ ਉਹਨਾਂ ਲਈ ਬਰਾਬਰ ਦੇ ਪਿਆਰੇ ਹਨ ਅਤੇ ਉਹ ਵਿਦਿਆਰਥੀਆਂ ਨੂੰ ਤਕੀਦ ਕਰਦੇ ਕਿ ਤੁਹਾਨੂੰ ਵਿਦਿਆਰਥੀਆਂ ਨੂੰ ਇਸ ਤਰ੍ਹਾਂ ਦੀ ਚਰਚਾ ਛੇੜਣ ਦੀ ਲੋੜ ਨਹੀਂ ਤੁਸੀਂ ਸਿਰਫ਼ ਪੁਸਤਕਾਂ ਅਤੇ ਖੇਡਾਂ ਤਕ ਹੀ ਸੀਮਿਤ ਰਹੋ। ਅਗਸਤ 1947 ਵਿਚ ਸਕੂਲ ਤਕਰੀਬਨ ਬੰਦ ਹੀ ਹੋ ਗਿਆ ਸੀ ਪਰ ਮਾਸਟਰ ਨਜੀਰ ਅਹਿਮਦ ਫਿਰ ਵੀ ਸਕੂਲ ਆ ਜਾਂਦੇ ਅਤੇ ਵਿਦਿਆਰਥੀਆਂ ਦੇ ਘਰਾਂ ਵਿਚ ਜਾ-ਜਾ ਕੇ ਵਿਦਿਆਰਥੀਆਂ ਨੂੰ ਬੁਲਾ ਲਿਆਉਂਦੇ ਭਾਵੇਂ ਸਕੂਲ ਵਿਚ ਕੋਈ ਹਾਜ਼ਰੀ ਨਾ ਹੁੰਦੀ, ਉਹ ਆਪਣੀ ਕਲਾਸ ਨੂੰ ਪੜ੍ਹਾ ਕੇ ਸਾਈਕਲ 'ਤੇ ਅਤੇ ਫਿਰ ਬੇੜੀ ਤੇ ਵਾਪਿਸ ਚਲੇ ਜਾਂਦੇ। ਪਰ ਹੁਣ ਉਸ ਨੂੰ ਬਜ਼ੁਰਗ ਲੋਕਾਂ ਵਲੋਂ ਵੀ ਨਾ ਆਉਣ ਦੀ ਤਕੀਦ ਕੀਤੀ ਜਾਂਦੀ ਅਤੇ ਉਹਨਾਂ ਦੀ ਆਪਣੀ ਸੁਰੱਖਿਆ ਸੰਬੰਧੀ ਸੁਚੇਤ ਕਰਾਇਆ ਜਾਂਦਾ ਤਾਂ ਉਹ ਕਹਿੰਦੇ ਇਹੋ ਕੁਝ ਤਾਂ ਮੇਰੀ ਅੰਮਾਂ ਅਤੇ ਅੱਬਾ ਵੀ ਮੈਨੂੰ ਕਹਿੰਦੇ ਹਨ ਪਰ ਮੈਂ ਆਪਣੇ ਫਰਜ ਨੂੰ ਆਪਣੀ ਸੁਰੱਖਿਆ ਤੋਂ ਕਿਤੇ ਉੱਪਰ ਸਮਝਦਾ ਹਾਂ। ਅੱਜ ਕਲ ਉਹਨਾਂ ਦੇ ਪੁਰਾਣੇ ਵਿਦਿਆਰਥੀ ਇਸ ਤਰਫ ਅਜੇ ਵੀ ਉਹਨਾਂ ਨੂੰ ਯਾਦ ਕਰਦੇ ਹਨ ਅਤੇ ਸੋਚਦੇ ਹਨ ਕਿ ਉਹ ਕਿਥੇ ਹੋਣਗੇ, ਹੋਣਗੇ ਵੀ ਕਿ ਨਹੀਂ।

ਮੇਰੀ ਛੋਟੀ ਭੈਣ ਜਗਦੇਵ ਵਿਆਹੀ ਹੋਈ ਸੀ, ਕੁਰਸ਼ੈਦ ਅਤੇ ਹਨੀਫਾ ਅਤੇ ਉਹਨਾਂ ਦੇ ਪਤੀ, ਸਾਡੇ ਰਿਸ਼ਤੇਦਾਰਾਂ ਦੇ ਘਰ ਦੇ ਨਾਲ ਰਹਿੰਦੇ ਸਨ, ਉਹ ਪ੍ਰੀਵਾਰ ਬੜਾ ਹਿੰਮਤੀ ਅਤੇ ਹਸਮੁੱਖ ਪ੍ਰੀਵਾਰ ਸੀ।

ਕੁਰਸ਼ੈਦ ਅਤੇ ਹਨੀਫਾ ਦੋਵੇਂ ਸਕੀਆਂ ਭੈਣਾਂ ਸਨ, ਉਨ੍ਹਾਂ ਦਾ ਪਿੰਡ ਬਦੋਵਾਲ ਪਾਕਿਸਤਾਨ ਵਿਚ ਆ ਗਿਆ ਸੀ, ਜਗਦੇਵ ਖੁਰਦ ਵਿਆਹੀਆਂ ਹੋਈਆਂ ਸਨ ਜਦੋਂ ਉਹ ਜਗਦੇਵ ਖੁਰਦ ਵਿਆਹੀਆਂ ਗਈਆਂ ਸਨ, ਤਾਂ ਦੋਵਾਂ ਪਿੰਡਾਂ ਨੂੰ ਕਰੀਬ ਸਮਝ ਕੇ ਉਹਨਾਂ ਦੇ ਵਿਆਹ ਹੋਏ ਸਨ। ਉਹ ਤੁਰ ਕੇ ਬਲੜ੍ਹਵਾਲ ਦੇ ਪਤਨ ਅਤੇ ਬੇੜੀ ਤੇ ਬੈਠ ਕੇ ਪਾਰ ਅਤੇ ਫਿਰ ਤੁਰ ਕੇ ਆਪਣੇ ਪਿੰਡ ਬਦੋਵਾਲ ਪਹੁੰਚ ਜਾਂਦੀਆਂ ਸਨ।

ਕਈ ਵਾਰ ਸਵੇਰੇ ਜਾ ਕੇ, ਸ਼ਾਮ ਨੂੰ ਖਬਰ ਸੁਰਤ ਲੈ ਕੇ ਵਾਪਿਸ ਫਿਰ ਜਗਦੇਵ ਆ ਜਾਂਦੀਆਂ ਸਨ। ਚਾਰ ਭੈਣਾਂ ਵਿਚੋਂ ਇਹਨਾਂ ਦੋ ਭੈਣਾਂ ਨੂੰ ਉਸ ਵਕਤ ਇਹ ਕਦੋਂ ਖਿਆਲ ਆਇਆ ਸੀ ਕਿ ਕੁਝ ਚਿਰ ਬਾਅਦ ਉਹਨਾਂ ਨੂੰ ਆਪਣੇ ਪੇਕੇ ਜਾਣ ਲਈ ਦਿੱਲੀ ਤੋਂ ਇਜਾਜ਼ਤ ਲੈਣੀ ਪੈਣੀ ਹੈ ਜਾਂ ਉਹਨਾਂ ਦੇ ਭਰਾਵਾਂ ਨੇ ਕਦੋਂ ਸੋਚਿਆ ਸੀ ਕਿ ਉਹਨਾਂ ਨੂੰ ਆਪਣੀਆਂ ਭੈਣਾਂ ਨੂੰ ਮਿਲਣ ਲਈ ਬੇੜੀ ਅਤੇ ਸਾਈਕਲ ਤੇ ਨਹੀਂ ਸਗੋਂ ਬਸਾਂ, ਗੱਡੀਆਂ 'ਤੇ ਅਤੇ ਫਿਰ ਇਸਲਾਮਾਬਾਦ ਤੋਂ ਇਜਾਜ਼ਤ ਲੈ ਕੇ ਮਿਲਣਾ ਪਵੇਗਾ ਜਿਸ ਲਈ ਕਈ ਕਈ ਦਿਨ ਲੱਗ ਜਾਣੇ ਹਨ। ਭਾਵੇਂ ਉਹਨਾਂ ਭੈਣਾਂ ਦੇ ਸਹੁਰੇ ਪੇਕੇ ਉਹਨਾਂ ਦੇ ਪੈਰਾਂ ਤੇ ਚੜ੍ਹੇ ਹੋਏ ਸਨ ਪਰ ਹੁਣ ਉਹ ਨਹੀਂ ਸਨ ਜਾ ਸਕਦੀਆਂ। ਉਹਨਾਂ ਦੇ ਪਿੰਡ ਵਿਚ ਲੱਗੇ ਸਪੀਕਰ ਦੀ ਅਵਾਜ਼ ਹੁਣ ਵੀ ਉਨ੍ਹਾਂ ਦੇ ਕੰਨੀਂ ਪੈ ਜਾਂਦੀ ਸੀ ਪਰ ਉਹੋ ਪਿੰਡ ਹੁਣ ਕਈ ਸੈਂਕੜੇ ਮੀਲ ਦੂਰ ਹੋ ਗਏ ਸਨ। ਪਾਸਪੋਰਟ, ਵੀਜਾ, ਅਟਾਰੀ, ਲਾਹੌਰ, ਨਾਰੋਵਾਲ ਰਾਹੀਂ ਹੋ ਕੇ ਆਉਣਾ ਪੈਂਦਾ ਸੀ ਭਰਾਵਾਂ ਨੂੰ ਨਾਰੋਵਾਲ, ਲਹੌਰ, ਅਟਾਰੀ, ਅੰਮ੍ਰਿਤਸਰ, ਅਜਨਾਲਾ, ਗੱਡੀ, ਬੱਸ, ਟਾਂਗੇ ਰਾਹੀਂ ਆਉਣਾ ਪੈਂਦਾ ਸੀ। ਅਜੇ ਵੀ ਸਾਉਣ ਭਾਦਰੋ ਵਿਚ ਬੱਦਲ ਦੀ ਚੜ੍ਹੀ ਘਟਾ ਵੇਖ ਕੇ ਲੋਕ ਕਹਿੰਦੇ ਸਨ, "ਬਦੋਵਾਲ ਤੋਂ ਉਠੀ ਘਟਾ ਕਦੀ ਖਾਲੀ ਨਹੀਂ ਗਈ" ਅਤੇ ਜੇ ਕਿਤੇ ਉਹ ਨਜ਼ਦੀਕ ਹੁੰਦੀਆਂ ਤਾਂ ਕਹਿਣ ਵਾਲੇ ਕਹਿ ਦਿੰਦੇ, "ਕੁਰਸ਼ੈਦ ਅਤੇ ਹਨੀਫਾ ਦੇ ਪਿੰਡੋਂ ਚੜ੍ਹੀ ਘਟਾ ਕਦੀ ਖਾਲੀ ਨਹੀਂ ਜਾਂਦੀ" ਤਾਂ ਉਹ ਦੋਵੇਂ ਭੈਣਾਂ ਉਸ ਕਾਲੀ ਘਟਾ ਨੂੰ ਕਿੰਨਾ-ਕਿੰਨਾ ਚਿਰ ਸਿਰਫ਼ ਇਸ ਲਈ ਵੇਖਦੀਆਂ ਰਹਿੰਦੀਆਂ ਸਨ ਕਿ ਇਹ ਘਟਾ ਉਹਨਾਂ ਦੇ ਪਿੰਡੋਂ ਚਲ ਕੇ ਆਈ ਹੈ ਅਤੇ ਇਸ ਘਟਾ ਵਿਚੋਂ ਹੀ ਆਪਣੀ ਮਾਂ, ਬਾਪ ਅਤੇ ਰਿਸ਼ਤੇਦਾਰਾਂ ਦੇ ਚਿਹਰੇ ਵੇਖਣ ਦੀ ਕੋਸ਼ਿਸ਼ ਕਰਦੀਆਂ ਸਨ।

ਕੁਰਸ਼ੈਦ ਅਤੇ ਹਨੀਫਾ ਆਪ ਵੀ ਮਿਹਨਤ ਕਰਦੀਆਂ ਸਨ ਅਤੇ ਉਹਨਾਂ ਦੇ ਪਤੀ ਅਤੇ ਉਹਨਾਂ ਦੇ ਚਾਰੇ ਭਰਾ ਵੀ ਮਿਹਨਤ ਮਜਦੂਰੀ ਦਾ ਕੰਮ ਕਰਦੇ ਸਨ, ਉਹਨਾਂ ਲਈ ਪਾਸਪੋਰਟ ਬਣਾ ਕੇ ਜ਼ਿਆਦਾ ਵਾਰ ਜਾਣਾ ਇੰਨਾ ਅਸਾਨ ਵੀ ਨਹੀਂ ਸੀ। ਉਹਨਾਂ ਨੂੰ ਕਦੀ ਕਦੀ ਜਦੋਂ ਖ਼ਤ ਰਾਹੀਂ ਪਤਾ ਲੱਗਦਾ ਕਿ ਫਲਾਣਾ ਰਿਸ਼ਤੇਦਾਰ ਫੌਤ ਹੋ ਗਿਆ ਹੈ ਤਾਂ ਉਹ ਉਥੇ ਜਾਣ ਦੀ ਖਾਹਿਸ਼ ਨੂੰ ਦਿਲ ਵਿਚ ਹੀ ਦਬਾ ਲੈਂਦੀਆਂ ਸਨ। ਦੋਵੇਂ ਤਰਫ ਭੈਣਾਂ, ਭਰਾ ਅੱਜ ਤਕ ਇਹ ਵੀ ਫੈਸਲਾ ਨਹੀਂ ਕਰ ਸਕੇ, ਕਿ ਉਹਨਾਂ ਦਾ ਇਧਰ ਆ ਜਾਣਾ ਠੀਕ ਸੀ ਜਾਂ ਉਧਰ ਰਹਿ ਜਾਣਾ ਹੀ ਠੀਕ ਸੀ। ਹਜ਼ਾਰਾਂ ਪ੍ਰੀਵਾਰਾਂ ਵਿਚ ਜੋ ਇਸ ਤਰ੍ਹਾਂ ਵੰਡੇ ਹੋਏ ਸਨ, ਉਹਨਾਂ ਵਿਚ ਇਸ ਤਰ੍ਹਾਂ ਦੇ ਸੁਆਲ ਉਠਦੇ ਸਨ ਅਤੇ ਫਿਰ ਉਹ ਪ੍ਰੀਵਾਰ ਵੀ ਸਨ ਜੋ ਵੰਡ ਤੋਂ ਬਾਦ ਤਾਂ ਇਕ ਵਾਰ ਵੀ ਨਹੀਂ ਸਨ ਮਿਲ ਸਕੇ। ਇਹ ਵੰਡ ਉਮਰ ਭਰ ਦੀ ਵੰਡ ਬਣ ਗਈ ਸੀ। ਹੁਣ ਉਹਨਾਂ ਦੇ ਭਰਾਵਾਂ ਦੀ ਵੀ ਮੌਤ ਹੋ ਚੁੱਕੀ ਸੀ ਉਹ ਪੁੱਤਰਾਂ, ਪੋਤਰਿਆਂ ਵਾਲੀਆਂ ਹੋ ਚੁੱਕੀਆਂ ਸਨ ਅਜੇ ਵੀ ਜਦੋਂ ਉਹਨਾਂ ਦੇ ਪਿੰਡ ਦੇ ਸਪੀਕਰ ਦੀ ਅਵਾਜ਼ ਆਉਂਦੀ ਤਾਂ ਉਹਨਾਂ ਨੂੰ ਫਿਰ ਇਸ ਤਰ੍ਹਾਂ ਹੀ ਲੱਗਦਾ ਜਿਵੇਂ ਉਹਨਾਂ ਦੇ ਭਤੀਜੇ, ਭਤੀਜੀ ਦਾ ਹੀ ਵਿਆਹ ਹੋਵੇਗਾ ਪਰ ਹੁਣ ਉਹ ਇੰਨੀਆਂ ਕੁ ਬਜੁਰਗ ਅਤੇ ਕਮਜ਼ੋਰ ਹੋ ਚੁੱਕੀਆਂ ਸਨ ਕਿ ਉਹਨਾਂ ਦੀ ਵੀਜਾ ਲੈ ਕੇ ਉਧਰ ਜਾਣ ਦੀ ਖਾਹਿਸ਼ ਵੀ ਮੁਕ ਗਈ ਸੀ ਭਾਵੇਂ ਕਿ ਉਹਨਾਂ ਨੂੰ ਆਪਣੇ ਪਿੰਡ ਦੇ ਦਰਖਤ ਅਜੇ ਵੀ ਸਰਹੱਦ ਤੋਂ ਪਾਰ ਨਜ਼ਰ ਆਉਂਦੇ ਸਨ।

ਪਿੰਡ ਦਾ ਗਿਰਜਾਘਰ, ਪਿੰਡ ਦੀਆਂ ਗਲੀਆਂ, ਬੋਹੜਾਂ ਅਤੇ ਪਿੱਪਲਾਂ ਦੀਆਂ ਛਾਵਾਂ ਅਤੇ ਪਿੰਡ ਦੇ ਉੱਚੇ-ਉੱਚੇ ਦਰਖਤ ਅਤੇ ਚੁਬਾਰੇ ਅਜੇ ਵੀ ਉਹਨਾਂ ਦੀ ਯਾਦ ਵਿਚ ਆਉਂਦੇ ਰਹਿੰਦੇ ਸਨ, ਜਿਸ ਤਰ੍ਹਾਂ ਉਹਨਾਂ ਦੇ ਵਿਆਹ ਤੋਂ ਪਹਿਲਾਂ।

ਉਹ ਪਿੰਡ ਦੀਆਂ ਗਲੀਆਂ ਅਤੇ ਘਰਾਂ ਨੂੰ ਅਜੇ ਵੀ ਵੇਖਣਾ ਤਾਂ ਚਾਹੁੰਦੀਆਂ ਸਨ ਪਰ ਵਾਹਗੇ ਵਾਲੀ ਲਕੀਰ ਨਾਲ ਜੁੜੀਆਂ ਮੁਸ਼ਕਲਾਂ ਨੇ ਉਹਨਾਂ ਦੀ ਇਸ ਖਾਹਿਸ਼ ਨੂੰ ਖ਼ਤਮ ਕਰ ਦਿੱਤਾ ਸੀ।

ਰਣਜੀਤ ਐਵੀਨਿਊ, ਅੰਮ੍ਰਿਤਸਰ
ਸੰਪਰਕ : 98551-70335
(ਧੰਨਵਾਦ ਜ.ਸ.)

# ਸੈਲਫੀ ਕਲਚਰ : ਕੁਦਰਤ ਤੇ ਸਮਾਜ ਨਾਲੋਂ ਟੁੱਟੇ ਵਿਅਕਤੀਵਾਦ ਦਾ ਸਵੈ-ਸੰਤੋਸ਼

—ਡਾ. ਸਵਰਾਜ ਸਿੰਘ

**ਪੱਛਮੀ** ਸਰਮਾਏਦਾਰੀ ਅਤੇ ਇਸਦੇ ਖ਼ਪਤਕਾਰੀ ਸਭਿਆਚਾਰ ਨੇ ਮਨੁੱਖ ਨੂੰ ਬੇਗਾਨਗੀ ਵੱਲ ਧੱਕਿਆ ਹੈ ਅਤੇ ਸਮਾਜਿਕ ਰਿਸ਼ਤਿਆਂ ਨੂੰ ਇਨਾਂ ਕਮਜ਼ੋਰ ਕਰ ਦਿੱਤਾ ਹੈ ਕਿ ਇਹ ਲਗਭਗ ਖ਼ਤਮ ਹੋਣ ਦੇ ਕਿਨਾਰੇ 'ਤੇ ਪਹੁੰਚ ਚੁੱਕੇ ਹਨ। ਬੇਗਾਨਗੀ ਜਿਸ ਨੂੰ ਅੰਗਰੇਜ਼ੀ ਵਿਚ ਏਲੀਨੇਸ਼ਨ ਕਹਿੰਦੇ ਹਨ ਨੂੰ ਅਜੋਕੇ ਮਨੁੱਖ ਦੀ ਸਭ ਤੋਂ ਵੱਡੀ ਸਮੱਸਿਆ ਕਹਿਣਾ ਸ਼ਾਇਦ ਅਤਿਕਥਨੀ ਨਹੀਂ ਹੋਏਗਾ। ਸਰਮਾਏਦਾਰੀ ਨੇ ਮਨੁੱਖ ਦੀ ਹੋਂਦ ਨੂੰ ਮਸ਼ੀਨ ਦੇ ਇਕ ਅਜਿਹੇ ਪੁਰਜ਼ੇ ਵਰਗਾ ਬਣਾ ਦਿੱਤਾ ਹੈ ਜਿਹੜਾ ਸਿਰਫ਼ ਆਪਣੀ ਨਿਰਧਾਰਿਤ ਜਗ੍ਹਾ ਵਿਚ ਹੀ ਫਿੱਟ ਹੋ ਸਕਦਾ ਹੈ। ਮਨੁੱਖ ਦੀ ਹੋਂਦ ਦਾ ਤੱਤਸਾਰ ਉਸਦੀ ਚੇਤਨਾ ਹੈ ਅਤੇ ਚੇਤਨਾ ਦਾ ਘੇਰਾ ਅਸੀਮ ਹੁੰਦਾ ਹੈ। ਗੁਰਬਾਣੀ ਵਿਚ ਵੀ ਮਨੁੱਖ ਦੀ ਹੋਂਦ ਦਾ ਮੂਲ ਉਸਦੀ ਚੇਤਨਾ ਨੂੰ ਹੀ ਕਿਹਾ ਗਿਆ ਹੈ ਅਤੇ ਮਨੁੱਖ ਨੂੰ ਕੁਦਰਤ ਦਾ ਹਿੱਸਾ ਕਿਹਾ ਗਿਆ ਹੈ। ਜ਼ਾਹਿਰ ਹੈ ਕਿ ਮਨੁੱਖ ਦੀ ਕੁਦਰਤੀ ਹੋਂਦ ਦਾ ਘੇਰਾ ਅਸੀਮ ਹੁੰਦਾ ਹੈ। ਸਰਮਾਏਦਾਰੀ ਨੇ ਮਨੁੱਖ ਨੂੰ ਮਸ਼ੀਨ ਦਾ ਇਕ ਪੁਰਜਾ ਬਣਾ ਕੇ ਉਸਨੂੰ ਕੁਦਰਤ ਨਾਲੋਂ ਤੋੜ ਦਿੱਤਾ ਹੈ। ਕੁਦਰਤ ਨਾਲੋਂ ਟੁੱਟਿਆ ਮਨੁੱਖ, ਸਮਾਜ, ਪਰਿਵਾਰ ਅਤੇ ਖ਼ੁਦ ਆਪਣੇ ਆਪ ਤੋਂ ਟੁੱਟ ਜਾਂਦਾ ਹੈ। ਆਪਣੇ ਆਪ ਨਾਲੋਂ ਟੁੱਟਣ ਦੀ ਪ੍ਰਕਿਰਿਆ ਨੂੰ ਸੈਲਫੀ ਏਲੀਨੇਸ਼ਨ ਕਹਿੰਦੇ ਹਨ। ਅੱਜ ਮਨੁੱਖ ਆਪਣੀ ਕੁਦਰਤੀ ਹੋਂਦ ਤੋਂ ਟੁੱਟ ਕੇ ਆਪਣੀ ਅਸਲੀ ਪਹਿਚਾਣ ਗੁਆ ਬੈਠਾ ਹੈ ਅਤੇ ਉਹ ਆਪਣੀ ਇਕ ਬਣਾਉਟੀ ਪਹਿਚਾਣ ਬਣਾਉਣਾ ਚਾਹੁੰਦਾ ਹੈ। ਇਸ ਵਰਤਾਰੇ ਨੇ ਹੀ ਸੈਲਫੀ ਕਲਚਰ ਨੂੰ ਜਨਮ ਦਿੱਤਾ ਹੈ। ਦੂਸਰਾ ਤੱਥ ਜੋ ਸਾਨੂੰ ਸੈਲਫੀ ਕਲਚਰ ਵੱਲ ਧੱਕ ਰਿਹਾ ਹੈ, ਉਹ ਹੈ ਸਰਮਾਏਦਾਰੀ ਵੱਲੋਂ ਪ੍ਰੋਤਸਾਹਿਤ ਕੀਤਾ ਜਾ ਰਿਹਾ ਅਤਿ ਦਰਜੇ ਦਾ ਵਿਅਕਤੀਵਾਦ। ਮਨੁੱਖ ਦੀ ਕੁਦਰਤੀ ਹੋਂਦ ਤਾਂ ਉਸਨੂੰ ਇਹ ਅਹਿਸਾਸ ਦੁਆਂਦੀ ਹੈ ਕਿ ਉਹ ਸਮੁੱਚਤਾ ਦਾ ਅੰਗ ਹੈ। ਪ੍ਰੰਤੂ ਸਰਮਾਏਦਾਰੀ ਉਸਦੀ ਹੋਂਦ ਨੂੰ ਸਿਰਫ਼ ਨਿੱਜ ਤੱਕ ਹੀ ਸੀਮਿਤ ਕਰ ਦਿੰਦੀ ਹੈ। ਸੈਲਫੀ ਕਲਚਰ ਨਿੱਜਵਾਦ ਦਾ ਪ੍ਰਗਟਾਵਾ ਹੈ। ਸਰਮਾਏਦਾਰੀ ਸਾਡੇ ਵਿਚ ਇਕ ਹੋਰ ਰੁਚੀ ਨੂੰ ਵੀ ਪ੍ਰੋਤਸਾਹਿਤ ਕਰਦੀ ਹੈ ਜਿਸਨੂੰ ਅੰਗਰੇਜ਼ੀ ਵਿਚ ਰੈਡੀਕਲ ਐਂਗਲੋਟੇਰੀਅਨਿਜ਼ਮ ਕਿਹਾ ਜਾਂਦਾ ਹੈ। ਇਸਦਾ ਮਤਲਬ ਇਹ ਨਿਕਲਦਾ ਹੈ ਕਿ ਸਾਰੇ ਬਹਾਦਰ ਹਨ ਭਾਵੇਂ ਉਨ੍ਹਾਂ ਵਿਚ ਉਮਰ, ਕਾਬਲੀਅਤ, ਤਜ਼ਰਬੇ ਜਾਂ ਸਮਾਜਿਕ ਦਰਜੇ ਦਾ ਜਿਨਾਂ ਮਰਜ਼ੀ ਫ਼ਰਕ ਕਿਉਂ ਨਾ ਹੋਵੇ। ਭਾਵੇਂ ਸਤਹੀ ਤੌਰ 'ਤੇ ਇਹ ਸੰਕਲਪ ਬਰਾਬਰੀ ਦਾ ਸੰਕਲਪ ਨਜ਼ਰ ਆਉਂਦਾ ਹੈ ਪ੍ਰੰਤੂ ਜਦੋਂ ਡੂੰਘਾਈ ਨਾਲ ਵੇਖੀਏ ਤਾਂ ਪਤਾ ਲੱਗਦਾ ਹੈ ਕਿ ਇਹ ਕਿਸੇ ਦੀ ਪ੍ਰਾਪਤੀ ਨੂੰ ਨਾ ਸਵੀਕਾਰ ਕਰਨਾ ਅਤੇ ਉਸਦਾ ਨਿਰਾਦਰ ਕਰਨ ਦੀ ਰੁਚੀ ਨੂੰ ਉਤਸਾਹਿਤ ਕਰਦਾ ਹੈ।

ਸੈਲਫ਼ੀ ਕਲਚਰ ਅਤੇ ਸਵੈ-ਵਿਸ਼ਵਾਸ ਵਿਚ ਬਹੁਤ ਫ਼ਰਕ ਹੈ। ਮੋਟੇ ਤੌਰ 'ਤੇ ਇਹ ਕਿਹਾ ਜਾ ਸਕਦਾ ਹੈ ਕਿ ਸਵੈ-ਵਿਸ਼ਵਾਸ ਆਪਣੀ ਕਾਬਲੀਅਤ ਅਤੇ ਸਮਰੱਥਾ ਦਾ ਯਥਾਰਥਵਾਦੀ ਪ੍ਰਗਟਾਵਾ ਹੈ ਜਦੋਂਕਿ ਸੈਲਫ਼ੀ ਕਲਚਰ ਬਹੁਤ ਵਾਰੀ ਆਪਣੇ ਬਾਰੇ ਗ਼ੈਰਯਥਾਰਥਵਾਦੀ ਅਨੁਮਾਨ ਲਾਉਣ ਅਤੇ ਪ੍ਰਗਟ ਕਰਨ ਦੀ ਰੁਚੀ ਪ੍ਰੋਤਸਾਹਿਤ ਕਰਦਾ ਹੈ। ਉਦਾਹਰਣ ਵਜੋਂ ਪਹਿਲਾਂ ਨੌਜਵਾਨ ਕੁੜੀਆਂ ਅਤੇ ਮੁੰਡਿਆਂ ਦੀ ਆਪਣੇ ਸੁਹੱਪਣ ਬਾਰੇ ਰਾਏ ਯਥਾਰਥ ਦੇ ਕਾਫ਼ੀ ਨੇੜੇ ਹੁੰਦੀ ਸੀ। ਸਾਰੀ ਜਮਾਤ ਜਮਾਤ ਵਿੱਚੋਂ ਇਕ ਦੋ ਕੁੜੀਆਂ ਜਾਂ ਮੁੰਡੇ ਬਹੁਤ ਸੋਹਣੇ ਗਿਣੇ ਜਾਂਦੇ ਸਨ। ਕੁਝ ਦੀ ਆਪਣੇ ਬਾਰੇ ਰਾਏ ਇਹ ਸੀ ਕਿ ਸਾਡੀ ਦਿੱਖ ਔਸਤ ਦੇ ਨੇੜੇ ਹੈ ਅਤੇ ਕੁਝ ਆਪਣੇ ਆਪ ਨੂੰ ਔਸ ਤੋਂ ਵੀ ਥੱਲੇ ਸਮਝਦੇ ਸਨ। ਪ੍ਰੰਤੂ ਹੁਣ ਬਹੁਤ ਸਾਰੇ ਕੁੜੀਆਂ ਮੁੰਡੇ ਆਪਣੇ ਬਾਰੇ ਇਹ ਭਰਮ ਪਾਲਣ ਲੱਗ ਪਏ ਹਨ ਕਿ ਉਹ ਕਿਸੇ ਮਾਡਲ ਜਾਂ ਐਕਟਰ ਤੋਂ ਘੱਟ ਨਹੀਂ। ਕੋਈ ਵੀ ਗ਼ੈਰਯਥਾਰਥਵਾਦੀ ਧਾਰਨਾ ਤੁਹਾਡਾ ਕੋਈ ਫ਼ਾਇਦਾ ਕਰਨ ਦੀ ਬਜਾਏ ਨੁਕਸਾਨ ਜ਼ਿਆਦਾ ਕਰ ਸਕਦੀ ਹੈ। ਇਥੇ ਸਾਨੂੰ ਸੁਹੱਪਣ ਅਤੇ ਸ਼ਖ਼ਸੀਅਤ ਵਿਚ ਵੀ ਨਖੇੜਾ ਕਰਨਾ ਪਏਗਾ। ਸਮੁੱਚੀ ਸ਼ਖ਼ਸੀਅਤ ਸਿਰਫ਼ ਸੋਹਣੇ ਹੋਣ ਤੱਕ ਸੀਮਤ ਨਹੀਂ ਹੈ ਅਤੇ ਨਾ ਹੀ ਕਿਹਾ ਜਾ ਸਕਦਾ ਹੈ ਕਿ ਹਰ ਸੋਹਣਾ ਮਨੁੱਖ ਚੰਗੀ ਸ਼ਖ਼ਸੀਅਤ ਦਾ ਵੀ ਮਾਲਕ ਹੈ। ਸੈਲਫੀ ਕਲਚਰ ਸ਼ਖ਼ਸੀਅਤ ਨੂੰ ਸਿਰਫ਼ ਦਿੱਖ ਤੱਕ ਹੀ ਸੀਮਤ ਕਰਨ ਦੀ ਰੁਚੀ ਪ੍ਰੋਤਸਾਹਿਤ ਕਰਦੀ ਹੈ। ਸਗੋਂ ਇਹ ਵੀ ਜਾਪਦਾ ਹੈ ਕਿ ਸੈਲਫੀ ਕਲਚਰ ਸਿਰਫ਼ ਦਿੱਖ ਤੇ ਲੋੜੋਂ ਵੱਧ ਕੇਂਦਰਿਤ ਹੋਣ ਕਰਕੇ ਸਮੁੱਚੀ ਸ਼ਖ਼ਸੀਅਤ ਦੇ ਵਿਕਾਸ ਵਿਚ ਰੁਕਾਵਟ ਬਣਦੀ ਹੈ। ਸੈਲਫੀ ਕਲਚਰ ਨੇ ਮਨੁੱਖ ਦੇ ਦੋ ਉੱਤਮ ਗੁਣਾਂ 'ਤੇ ਵੀ ਵੱਡੀ ਸੱਟ ਮਾਰੀ ਹੈ: ਇਹ ਹਨ ਨਿਮਰਤਾ (ਹਿਊਮਿਸਟੀ) ਅਤੇ ਸੰਜਮ (ਮਾਡਰੇਸ਼ਨ)।

ਨਿੱਜ ਦਾ ਲੋੜੋਂ ਵੱਧ ਪ੍ਰਗਟਾਵਾ ਇਨ੍ਹਾਂ ਦੋਨਾਂ ਸਦਗੁਣਾਂ 'ਤੇ ਤਿੱਖਾ ਵਾਰ ਕਰਦਾ ਹੈ। ਭਾਵੇਂ ਕਿ ਸੈਲਫੀ ਕਲਚਰ ਜ਼ਿਆਦਾਤਰ ਨੌਜਵਾਨਾਂ ਵਿਚ ਬਹੁਤ ਪ੍ਰਬਲ ਹੈ ਪ੍ਰੰਤੂ ਇਸਨੇ ਲਗਭਗ ਹਰ ਉਮਰ ਦੇ ਲੋਕਾਂ ਨੂੰ ਪ੍ਰਭਾਵਿਤ ਕੀਤਾ ਹੈ। ਅੱਧਖੜ੍ਹ ਅਤੇ ਬਜ਼ੁਰਗੀ ਵਿਚ ਪੈਰ ਧਰਨ ਵਾਲੇ ਲੋਕ ਵੀ ਇਸ ਦੀ ਮਾਰ ਤੋਂ ਪੂਰੀ ਤਰ੍ਹਾਂ ਨਹੀਂ ਬਚ ਸਕੇ। ਨੌਜਵਾਨਾਂ ਵਿਚ ਤਾਂ ਇਹ ਇਨੀ ਪ੍ਰਬਲ ਹੋ ਚੁੱਕੀ ਹੈ ਕਿ ਕਈ ਨਦੀਆਂ ਨਹਿਰਾਂ, ਦਰਿਆਵਾਂ ਤੇ ਸਮੁੰਦਰ ਵਿਚ ਡੁੱਬ ਕੇ ਆਪਣੀ ਜਾਨ ਵੀ ਨਿਛਾਵਰ ਕਰ ਗਏ ਹਨ। ਸੈਲਫੀ ਲੈਣ ਲਈ ਕਦੀ ਪਹਾੜਾਂ ਤੋਂ ਅਤੇ ਹੋਰ ਉੱਚੀਆਂ ਜਗ੍ਹਾਂ ਤੋਂ ਡਿੱਗ ਕੇ ਵੀ ਕਈ ਆਪਣੀ ਜਾਨ ਗੁਆ ਚੁੱਕੇ ਹਨ। ਜ਼ਾਹਿਰ ਹੈ ਕਿ ਸੈਲਫੀ ਕਲਚਰ ਬੁੱਧੀ ਦੇ ਵਿਕਾਸ ਦੇ ਵੀ ਜ਼ਿਆਦਾ ਅਨੁਕੂਲ ਨਹੀਂ ਹੈ।

ਸਰਮਾਏਦਾਰੀ ਨੇ ਮਨੁੱਖੀ ਰਿਸ਼ਤਿਆਂ ਦਾ ਜਿਸ ਪੱਧਰ 'ਤੇ ਘਾਣ ਕੀਤਾ ਹੈ, ਉਸਦੀ ਉਦਾਹਰਣ ਸਾਨੂੰ ਇਤਿਹਾਸ ਵਿਚ ਪਹਿਲਾਂ ਕਿਤੇ ਨਹੀਂ ਮਿਲਦੀ। ਮਨੁੱਖ ਨੇ ਹਜ਼ਾਰਾਂ ਸਾਲਾਂ ਦੇ ਤਜ਼ਰਬੇ ਤੋਂ ਇਹ ਸਿੱਖਿਆ ਸੀ ਕਿ ਮਨੁੱਖੀ ਰਿਸ਼ਤਿਆਂ ਦਾ ਆਧਾਰ ਨੈਤਿਕਤਾ ਹੈ। ਪ੍ਰੰਤੂ ਸਰਮਾਏਦਾਰੀ ਨੇ ਨੈਤਿਕਤਾ ਅਤੇ ਆਰਥਿਕਤਾ ਵਿੱਚਲੇ ਸਮੀਕਰਨ ਬਿਲਕੁਲ ਪੁੱਠੇ ਕਰ ਦਿੱਤੇ ਹਨ। ਹੁਣ ਆਰਥਿਕਤਾ ਨੈਤਿਕਤਾ 'ਤੇ ਭਾਰੂ ਹੋ ਰਹੀ ਹੈ। ਸਧਾਰਣ ਬੋਲੀ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਸਰਮਾਏਦਾਰੀ ਨੇ ਮਨੁੱਖੀ ਰਿਸ਼ਤਿਆਂ ਵਿਚ ਪੈਸੇ ਨੂੰ ਧਰਮ ਤੋਂ ਉੱਪਰ ਕਰ ਦਿੱਤਾ ਹੈ। ਇਥੇ ਧਰਮ ਤੋਂ ਸਾਡਾ ਭਾਵ ਮਜ਼ਹਬ ਜਾਂ ਰਿਲੀਜ਼ਨ ਨਹੀਂ ਹੈ ਸਗੋਂ ਧਰਮ ਤੋਂ ਸਾਡਾ ਭਾਵ ਨੈਤਿਕਤਾ, ਨਿਯਮ, ਫਰਜ਼ ਅਤੇ ਸਹੀ ਗ਼ਲਤ ਦੀ ਪਹਿਚਾਣ ਆਦਿ ਹੈ। ਜਦੋਂ ਰਿਸ਼ਤਿਆਂ ਵਿਚ ਇਹ ਅੰਸ਼ ਕਮਜ਼ੋਰ ਹੋ ਜਾਂਦੇ ਹਨ ਅਤੇ ਰਿਸ਼ਤਿਆਂ ਦਾ ਆਧਾਰ ਪਦਾਰਥਕ ਲਾਭ ਤੱਕ ਸੀਮਤ ਹੋ ਜਾਂਦਾ ਹੈ, ਜਿਹਾ ਕਿ ਸਰਮਾਏਦਾਰੀ ਨੇ ਕੀਤਾ ਹੈ, ਤਾਂ ਰਿਸ਼ਤੇ ਕਮਜ਼ੋਰ ਹੋ ਜਾਂਦੇ ਹਨ ਅਤੇ ਤਿੜਕ ਜਾਂਦੇ ਹਨ। ਸਾਡਾ ਸਮਾਜਿਕ ਤਾਣਾਬਾਣਾ ਲੀਰੋ-ਲੀਰ ਹੋ ਜਾਂਦਾ ਹੈ। ਜਿਸ ਤਰ੍ਹਾਂ ਸੈਲਫੀ ਕਲਚਰ ਮਨੁੱਖ ਦੀ ਸਹੀ ਪਹਿਚਾਣ ਗੁਆਚਣ ਦਾ ਨਤੀਜਾ ਹੈ। ਇਸੇ ਤਰ੍ਹਾਂ ਸੋਸ਼ਲ ਮੀਡੀਏ ਦਾ ਸਾਡੇ ਜੀਵਨ 'ਤੇ ਭਾਰੂ ਹੋਣਾ ਸਾਡੇ ਕਮਜ਼ੋਰ ਅਤੇ ਟੁੱਟ ਰਹੇ ਸਮਾਜਿਕ ਰਿਸ਼ਤਿਆਂ ਦਾ ਨਤੀਜਾ ਹੈ।

ਸੈਲਫੀ ਕਲਚਰ ਦੇ ਰੂਪ ਵਿਚ ਅਸੀਂ ਆਪਣੀ ਗੁਆਚੀ ਹੋਈ ਪਹਿਚਾਣ ਨੂੰ ਇਕ ਬਨਾਉਟੀ ਪਹਿਚਾਣ ਨਾਲ ਬਦਲਣ ਦਾ ਯਤਨ ਕਰਦੇ ਹਾਂ। ਇਸੇ ਤਰ੍ਹਾਂ ਸੋਸ਼ਲ ਮੀਡੀਆ ਸਾਡੇ ਜੀਵਨ ਦਾ ਮਹੱਤਵਪੂਰਨ ਅੰਗ ਬਣੀ ਜਾ ਰਿਹਾ ਹੈ। ਧੜਾ ਧੜ ਫੇਸ ਬੁੱਕ ਤੇ ਹੁਣ ਵਟਸ ਐਪ ਗਰੁੱਪ ਬਣ ਰਹੇ ਹਨ। ਰਵਾਇਤੀ ਮੀਡੀਆ ਦੇ ਸਮਾਨਾਂਤਰ ਇਕ ਸੋਸ਼ਲ ਮੀਡੀਆ ਵਿਕਸਿਤ ਹੋ ਰਿਹਾ ਹੈ। ਭਾਵੇਂ ਕਿ ਕੁਝ ਹੱਦ ਤੱਕ ਸੋਸ਼ਲ ਮੀਡੀਆ ਦੀ ਹਾਂ ਪੱਖੀ ਭੂਮਿਕਾ ਤੋਂ ਮੁਨਕਰ ਹੋਣਾ ਔਖਾ ਹੈ। ਕਿਉਂਕਿ ਲੋਕਾਂ ਕੋਲ ਸੱਚ ਜਾਨਣ ਦਾ ਇਕ ਹੋਰ ਵਸੀਲਾ ਹਾਸਲ ਹੋ ਗਿਆ ਹੈ। ਉਹ ਸੱਚ ਵੀ ਜਾਣਿਆ ਜਾ ਸਕਦਾ ਹੈ ਜਿਸਨੂੰ ਸਰਕਾਰਾਂ ਲੋਕਾਂ ਦੇ ਸਾਹਮਣੇ ਨਹੀਂ ਆਉਣ ਦੇਣਾ ਚਾਹੁੰਦੀਆਂ ਅਤੇ ਉਸ ਸੱਚ ਨੂੰ ਦਰਸਾਉਣਾ ਵੱਡੀ ਰਵਾਇਤੀ ਮੀਡੀਆ ਲਈ ਵੀ ਔਖਾ ਹੈ। ਇਕ ਗੱਲ ਤਾਂ ਇਹ ਹੈ ਕਿ ਅਸੀਂ ਇਹ ਭਰਮ ਪਾਲ ਰਹੇ ਹਾਂ ਕਿ ਜੇ ਅਸੀਂ ਰਵਾਇਤੀ ਸਮਾਜਿਕ ਰਿਸ਼ਤੇ ਗੁਆ ਲਏ ਹਨ ਤਾਂ ਅਸੀਂ ਉਨ੍ਹਾਂ ਦਾ ਬਦਲ ਲੱਭ ਲਿਆ ਹੈ। ਸੋਸ਼ਲ ਮੀਡੀਆ 'ਤੇ ਬਣੇ ਰਿਸ਼ਤੇ ਰਵਾਇਤੀ ਸਮਾਜਿਕ ਰਿਸ਼ਤਿਆਂ ਜਿੰਨੇ ਪਾਏਦਾਰ ਨਹੀਂ ਹੋ ਸਕਦੇ ਤਾਂ ਨਾ ਹੀ ਉਨ੍ਹਾਂ ਦਾ ਬਦਲ ਬਣ ਸਕਦੇ ਹਨ। ਦੂਜੀ ਗੱਲ ਇਹ ਹੈ ਕਿ ਸੋਸ਼ਲ ਮੀਡੀਆ ਤੇ ਨਿਯੰਤਰਣ ਅਤੇ ਮਿਆਰ ਕਾਇਮ ਰੱਖਣਾ ਬਹੁਤ ਔਖਾ ਹੈ। ਇਸ ਲਈ ਦੋਨਾਂ ਦੇ ਪੱਧਰ ਵਿਚ ਵੱਡਾ ਫ਼ਰਕ ਰਹੇਗਾ। ਸੋਸ਼ਲ ਮੀਡੀਆ ਤੇ ਨਿੱਜੀ ਰਜ਼ਿਸ਼ਾਂ ਕੱਢਣੀਆਂ ਅਤੇ ਗ਼ੈਰ ਮਿਆਰੀ ਬੋਲੀ ਜਾਂ ਗਾਲੀ ਗਲੋਚ ਨੂੰ ਰੋਕਣਾ ਵੀ ਲਗਭਗ ਅਸੰਭਵ ਹੈ। ਇਕ ਹੋਰ ਸਮੱਸਿਆ ਇਹ ਵੀ ਹੈ ਕਿ ਅਖੌਤੀ ਬੌਧਿਕਤਾ ਜਾਂ ਸੂਡੋ ਇਨਟਲੈਕਚੁਅਲਿਜ਼ਮ ਦੀ ਸਮੱਸਿਆ ਹੋਰ ਵੀ ਵੱਧਣ ਦਾ ਡਰ ਹੈ। ਕਿਉਂਕਿ ਘੋੜੇ ਤੇ ਖੋਤੇ ਨੂੰ ਸੋਸ਼ਲ ਮੀਡੀਆ ਵਰਤਣ ਦਾ ਇਕੋ ਜਿਹਾ ਹੱਕ ਮਿਲ ਜਾਂਦਾ ਹੈ। ਸ਼ਾਇਦ ਇਹ ਕਹਿਣਾ ਵੀ ਅਤਿਕਥਨੀ ਨਾ ਹੋਵੇ ਕਿ ਅਖੌਤੀ ਬੌਧਿਕਤਾ ਦੇ ਨਾਲ ਨਾਲ ਸੋਸ਼ਲ ਮੀਡੀਆ ਉਜੱਡਵਾਦ ਦੀ ਸਮੱਸਿਆ ਨੂੰ ਵੀ ਵਧਾ ਸਕਦਾ ਹੈ।

ਅੰਤ ਵਿਚ ਇਹ ਹੀ ਕਿਹਾ ਜਾ ਸਕਦਾ ਹੈ ਕਿ ਸਰਮਾਏਦਾਰੀ ਦੇ ਖ਼ਪਤਕਾਰੀ ਸੱਭਿਆਚਾਰ ਵੱਲੋਂ ਪੈਦਾ ਕੀਤੀ ਗਈ ਬੇਗਾਨਗੀ ਅਤੇ ਸਮਾਜਿਕ ਰਿਸ਼ਤਿਆਂ ਦੀ ਟੁੱਟ ਭੱਜ ਦਾ ਹੱਲ ਨਾ ਤਾਂ ਸੈਲਫ਼ੀ ਕਲਚਰ ਕੋਲ ਅਤੇ ਨਾ ਹੀ ਸੋਸ਼ਲ ਮੀਡੀਆ ਕੋਲ ਹੈ। ਇਨ੍ਹਾਂ ਸਮੱਸਿਆਵਾਂ ਦਾ ਹੱਲ ਮਨੁੱਖ ਨੂੰ ਆਪਣੀ ਹੋਂਦ ਦੇ ਤੱਤ ਸਾਰ ਪ੍ਰਤੀ ਚੇਤੰਨ ਹੋਣ ਨਾਲ ਹੀ ਹੋ ਸਕਦੀ ਹੈ। ਜਦੋਂ ਅਸੀਂ ਸਰਮਾਏਦਾਰੀ ਵੱਲੋਂ ਪ੍ਰੋਤਸਾਹਿਤ ਕੀਤੇ ਜਾ ਰਹੇ ਗ਼ਲਤ ਸੰਕਲਪਾਂ, ਕਿ ਮਨੁੱਖ ਦੀ ਹੋਂਦ ਸਿਰਫ ਸਰੀਰ ਤੇ ਮਨ ਤੱਕ ਹੀ ਸੀਮਿਤ ਹੈ, ਦੇ ਪ੍ਰਭਾਵ ਤੋਂ ਮੁਕਤ ਨਹੀਂ ਹੁੰਦੇ ਅਤੇ ਇਸ ਸੱਚਾਈ ਨੂੰ ਸਵੀਕਾਰ ਨਹੀਂ ਕਰਦੇ ਕਿ ਮਨੁੱਖੀ ਹੋਂਦ ਦਾ ਤੱਤ ਸਾਰ ਮਨੁੱਖ ਦੀ ਚੇਤਨਾ ਹੈ, ਤੱਦ ਤੱਕ ਬੇਗਾਨਗੀ ਤੇ ਰਿਸ਼ਤਿਆਂ ਦੀ ਟੁੱਟ-ਭੱਜ ਦੀਆਂ ਸਮੱਸਿਆਵਾਂ ਦਾ ਹੱਲ ਨਹੀਂ ਹੋ ਸਕਦਾ। ਸਰਮਾਏਦਾਰੀ ਨੇ ਨਾ ਸਿਰਫ਼ ਮਨੁੱਖ ਨੂੰ ਚੇਤਨਾ ਤੋਂ ਵਿਹੂਣਾ ਕਰ ਦਿੱਤਾ ਹੈ, ਸਗੋਂ ਉਸਨੂੰ ਕੁਦਰਤ ਤੋਂ ਵੀ ਤੋੜ ਦਿੱਤਾ ਹੈ। ਸਾਡੇ ਵਿਚ ਇਹ ਅਹਿਸਾਸ ਜਗਾਉਣ ਦੀ ਲੋੜ ਹੈ ਕਿ ਅਸੀਂ ਕੁਦਰਤ ਦਾ ਹੀ ਹਿੱਸਾ ਹਾਂ ਅਤੇ ਸਾਡੀ ਹੋਂਦ ਸਿਰਫ਼ ਨਿੱਜ ਤੱਕ ਹੀ ਸੀਮਤ ਨਹੀਂ ਹੈ ਸਗੋਂ ਸਾਡੀ ਹੋਂਦ ਸਮੁੱਚਤਾ ਦਾ ਅੰਗ ਹੈ।

ਅਜੋਕੇ ਸਮਾਜ ਦੇ ਮੁੱਖ ਰੁਝਾਨ ਅਰਥਾਤ ਪੱਛਮ ਦਾ ਨਿਘਾਰ ਅਤੇ ਪੂਰਬ ਦਾ ਪਿਛਲੀਆਂ ਦੋ ਸਦੀਆਂ ਵਿਚ ਪੂਰਬੀ ਨਰੋਏ ਸੰਕਲਪਾਂ ਨੂੰ ਹਾਸ਼ੀਏ 'ਤੇ ਧੱਕਿਆ ਜਾਣਾ ਅਤੇ ਉਨ੍ਹਾਂ ਦੀ ਥਾਂ ਤੇ ਪੱਛਮ ਦੇ ਗ਼ੈਰਸਿਹਤਮੰਦ ਸੰਕਲਪਾਂ ਨੂੰ ਪ੍ਰੋਤਸਾਹਿਤ ਕੀਤਾ ਜਾਣਾ ਹੈ।

ਆਸ ਰੱਖੀ ਜਾ ਸਕਦੀ ਹੈ ਕਿ ਨਵੀਆਂ ਪ੍ਰਸਥਿਤੀਆਂ ਅਤੇ ਨਵੇਂ ਰੁਝਾਨ ਇਨ੍ਹਾਂ ਸਮੀਕਰਨਾਂ ਨੂੰ ਬਦਲਣ ਵਿਚ ਸਹਾਈ ਹੋਣਗੇ ਅਤੇ ਨਰੋਈ ਜੀਵਨ ਜਾਂਚ ਪੁਨਰ-ਸਥਾਪਿਤ ਹੋ ਸਕੇਗੀ।

ਮੋਬਾ. 98153-08460

## ਵਧੀਕ ਡਿਪਟੀ ਕਮਿਸ਼ਨਰ ਨੇ ਸਿਹਤ ਵਿਭਾਗ ਦੀਆਂ ਸੇਵਾਵਾਂ ਦੀ ਕੀਤੀ ਸਮੀਖਿਆ

# ਡੇਂਗੂ ਦੇ ਮੱਦੇਨਜ਼ਰ ਡੋਰ-ਟੂ-ਡੋਰ ਸਰਵੇ, ਫਾਗਿੰਗ ਅਤੇ ਚਲਾਨ ਗਤੀਵਿਧੀਆਂ ਰਹਿਣਗੀਆਂ ਜਾਰੀ : ਸਿਵਲ ਸਰਜਨ




ਵਧੀਕ ਡਿਪਟੀ ਕਮਿਸ਼ਨਰ ਮੇਜਰ ਅਮਿਤ ਮਹਾਜਨ ਸਿਹਤ ਵਿਭਾਗ ਦੀਆਂ ਸੇਵਾਵਾਂ ਦੀ ਸਮੀਖਿਆ ਮੀਟਿੰਗ ਕਰਦੇ ਹੋਏ।

ਜਲੰਧਰ (ਕਮਲ) : ਵਧੀਕ ਡਿਪਟੀ ਕਮਿਸ਼ਨਰ (ਜਨਰਲ) ਮੇਜਰ ਅਮਿਤ ਮਹਾਜਨ ਨੇ ਸਿਹਤ ਵਿਭਾਗ ਦੀਆਂ ਵੱਖ-ਵੱਖ ਸੇਵਾਵਾਂ ਦੀ ਸਮੀਖਿਆ ਕਰਦਿਆਂ ਅੱਜ ਕਿਹਾ ਕਿ ਮੀਜ਼ਲ ਰੁਬੇਲਾ ਦੇ 2023 ਤੱਕ ਖਾਤਮੇ ਦੇ ਟੀਚੇ ਨੂੰ ਹਰ ਹਾਲ ਸਰ ਕੀਤੇ ਜਾਣ ਦੇ ਨਾਲ-ਨਾਲ 2025 ਤੱਕ ਟੀ.ਬੀ.ਮੁਕਤ ਪੰਜਾਬ ਤਹਿਤ ਜ਼ਿਲ੍ਹੇ ਵਿੱਚ ਮਿਥਿਆ ਟੀਚਾ ਵੀ ਪੂਰਾ ਕੀਤਾ ਜਾਵੇ।

ਸਿਵਲ ਸਰਜਨ ਡਾ.ਰਮਨ ਸ਼ਰਮਾ ਅਤੇ ਸਿਹਤ ਵਿਭਾਗ ਦੇ ਹੋਰਨਾਂ ਅਧਿਕਾਰੀਆਂ ਦੀ ਮੌਜੂਦਗੀ ਵਿੱਚ ਵਧੀਕ ਡਿਪਟੀ ਕਮਿਸ਼ਨਰ ਨੇ ਡੇਂਗੂ ਦੇ ਮੱਦੇਨਜ਼ਰ ਵੱਖ-ਵੱਖ ਗਤੀਵਿਧੀਆਂ ਨੂੰ ਜਮੀਨੀ ਪੱਧਰ ਤੱਕ ਅਸਰਦਾਰ ਢੰਗ ਨਾਲ ਲਿਜਾਣ ਦੀ ਤਾਕੀਦ ਕਰਦਿਆਂ ਕਿਹਾ ਕਿ ਇਨ੍ਹਾਂ ਰਾਹੀਂ ਡੇਂਗੂ ਦੇ ਫੈਲਾਅ ਨੂੰ ਰੋਕਿਆ ਜਾ ਸਕਦਾ ਹੈ। ਮੇਜਰ ਅਮਿਤ ਮਹਾਜਨ ਨੇ ਕੋਵਿਡ-19 ਟੀਕਾਕਰਨ ਦੀ ਮੌਜੂਦਾ ਪ੍ਰਗਤੀ ਅਤੇ ਅਯੂਸ਼ਮਾਨ ਭਾਰਤ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦਾ ਵੀ ਜਾਇਜ਼ਾ ਲਿਆ । ਉਨ੍ਹਾਂ ਨੇ ਦਿਵਿਆਂਗ ਵਿਅਕਤੀਆਂ ਨੂੰ ਵਿਲੱਖਣ ਪਹਿਚਾਣ ਪੱਤਰ (ਯੂ.ਡੀ.ਆਈ.ਡੀ.) ਮੁਹੱਈਆ ਕਰਵਾਉਣ ਅਤੇ ਆਰ. ਬੀ. ਐਸ. ਕੇ.ਪ੍ਰੋਗਰਾਮ ਤਹਿਤ ਸਰਕਾਰੀ ਅਤੇ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਦੇ ਬੱਚਿਆਂ ਅਤੇ ਆਂਗਨਵਾੜੀ ਸੈਂਟਰਾਂ ਦੇ ਬੱਚਿਆਂ ਨੂੰ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਸਿਹਤ ਸਹੂਲਤਾਂ ਦਾ ਵੀ ਜਾਇਜ਼ਾ ਲਿਆ।

ਮੇਜਰ ਅਮਿਤ ਸਰੀਨ ਨੇ ਜ਼ਿਲ੍ਹੇ ਅੰਦਰ ਚੱਲ ਰਹੇ 6 ਆਮ ਆਦਮੀ ਕਲੀਨਿਕ ਰਾਹੀਂ ਦਿੱਤੀਆਂ ਜਾ ਰਹੀਆਂ ਸਿਹਤ ਸੇਵਾਵਾਂ ਦੀ ਵੀ ਸਮੀਖਿਆ ਕੀਤੀ ਜਿਸ 'ਤੇ ਸਿਵਲ ਸਰਜਨ ਡਾ.ਰਮਨ ਸ਼ਰਮਾ ਵਲੋਂ ਦੱਸਿਆ ਗਿਆ ਕਿ ਅਕਤੂਬਰ ਮਹੀਨੇ ਵਿੱਚ ਓ.ਪੀ.ਡੀ.ਦੀ ਗਿਣਤੀ 9029 ਅਤੇ 553 ਟੈਸਟ ਕਰਵਾਏ ਗਏ। ਉਨ੍ਹਾਂ ਦੱਸਿਆ ਕਿ ਇਨ੍ਹਾਂ ਕਲੀਨਿਕਾਂ ਵਿੱਚ ਹੁਣ ਤੱਕ ਓ.ਪੀ.ਡੀ. ਦੀ ਗਿਣਤੀ 22015 ਹੈ ਅਤੇ 1230 ਲੈਬ ਟੈਸਟ ਕਰਵਾਏ ਜਾ ਚੁੱਕੇ ਹਨ।

ਟੀ.ਬੀ. ਦੇ ਕੇਸਾਂ ਸਬੰਧੀ ਸਿਵਲ ਸਰਜਨ ਵਲੋਂ ਦਸਿਆ ਗਿਆ ਹੈ ਕਿ ਜ਼ਿਲ੍ਹੇ ਵਿੱਚ ਜਨਵਰੀ-2022 ਤੋਂ ਹੁਣ ਤੱਕ 3396 ਟੀ.ਬੀ. ਦੇ ਮਰੀਜ਼ਾਂ ਸ਼ਨਾਖਤ ਕੀਤੀ ਜਾ ਚੁੱਕੀ ਹੈ ਜਿਨ੍ਹਾਂ ਵਿਚੋਂ 2240 ਦਾ ਇਲਾਜ ਜਾਰੀ ਹੈ। ਉਨ੍ਹਾਂ ਦੱਸਿਆ ਕਿ ਸਿਹਤ ਵਿਭਾਗ ਦੀਆਂ ਟੀਮਾਂ ਜਾਗਰੂਕਤਾ ਰਾਹੀਂ ਵੱਧ ਤੋਂ ਵੱਧ ਟੀ.ਬੀ. ਦੇ ਮਰੀਜ਼ਾਂ ਦਾ ਪਤਾ ਲਗਾ ਰਹੀਆਂ ਹਨ ਤਾਂ ਜੋ ਉਨ੍ਹਾਂ ਦਾ ਸਮੇਂ ਸਿਰ ਢੁਕਵਾਂ ਇਲਾਜ ਯਕੀਨੀ ਬਣਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਮੀਜ਼ਲ ਰੁਬੇਲਾ ਦਾ ਟੀਕਾਕਰਨ 100 ਫੀਸਦੀ ਤੋਂ ਪਾਰ ਹੋ ਚੁੱਕਾ ਹੈ ਜੇਕਰ ਫਿਰ ਵੀ ਕੋਈ ਬੱਚਾ ਇਸ ਟੀਕਾਕਰਨ ਤੋਂ ਵਾਂਝਾ ਰਹਿ ਗਿਆ ਹੋਵੇ ਤਾਂ ਉਹ ਆਂਗਨਵਾੜੀ ਵਰਕਰਾਂ ਰਾਹੀਂ ਨੇੜਲੇ ਸੈਂਟਰਾਂ ਤੋਂ ਟੀਕਾਕਰਨ ਕਰਵਾ ਸਕਦਾ ਹੈ। ਮੀਟਿੰਗ ਦੌਰਾਨ ਨਗਰ ਨਿਗਮ ਅਧਿਕਾਰੀਆਂ ਨੂੰ ਵੀ ਨਿਰਦੇਸ਼ ਦਿੱਤੇ ਗਏ ਕਿ ਉਹ ਡੇਂਗੂ ਸਰਵੇ ਦੌਰਾਨ ਲਾਰਵਾ ਪਾਏ ਜਾਣ ਵਾਲੇ ਸਥਾਨਾਂ ਦੇ ਚਲਾਨ ਜਾਰੀ ਕਰਨ ਤਾਂ ਜੋ ਡੇਂਗੂੰ ਪ੍ਰਭਾਵੀ ਢੰਗ ਨਾਲ ਰੋਕਿਆ ਜਾ ਸਕੇ।

## ਫਰੀ ਕਾਨੂੰਨੀ ਸੇਵਾਵਾਂ ਸਬੰਧੀ ਸੈਮੀਨਾਰ ਕਰਵਾਇਆ

ਫਗਵਾੜਾ (ਸ਼ਿਵ ਕੋੜਾ)-ਸ੍ਰੀ ਮਹੇਸ਼ ਕੁਮਾਰ ਸ਼ਰਮਾ ਚੀਫ ਜੁਡੀਸ਼ੀਅਲ ਮੈਜਿਸਟ੍ਰੇਟ ਕਮ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਦਿਸ਼ਾ ਨਿਰਦੇਸ਼ਾਂ ਅਤੇ ਅਡੀਸ਼ਨਲ ਸਿਵਲ ਜੱਜ ਸੀਨੀਅਰ ਡਵੀਜਨ ਫਗਵਾੜਾ ਦੀਆਂ ਹਦਾਇਤਾਂ ਅਨੁਸਾਰ ਬਲਾਕ ਵਿਕਾਸ ਅਤੇ ਪੰਚਾਇਤ ਵਿਭਾਗ ਫਗਵਾੜਾ ਵਲੋਂ ਦਰਵੇਸ਼ ਪਿੰਡ ਵਿਖੇ ਗ੍ਰਾਮ ਪੰਚਾਇਤ ਦੇ ਸਹਿਯੋਗ ਨਾਲ ਫਰੀ ਕਾਨੂੰਨੀ ਸਹਾਇਤਾ ਸੈਮੀਨਾਰ ਗੁਰਦੁਆਰਾ ਸ੍ਰੀ ਸਿੰਘ ਸਭਾ ਵਿਖੇ ਕਰਵਾਇਆ ਗਿਆ। ਇਸ ਮੌਕੇ ਮੁਫਤ ਕਾਨੂੰਨੀ ਸਹਾਇਤਾ ਦੀ ਸਹੂਲਤ ਬਾਰੇ ਜਾਣਕਾਰੀ ਦਿੰਦਿਆਂ ਐਡਵੋਕੇਟ ਨਵਜੋਤ ਕੌਰ, ਐਡਵੋਕੇਟ ਗੁਰਦੀਪ ਸੰਗਰ, ਐਡਵੋਕੇਟ ਗੀਨਾ ਰਾਣੀ ਬਰਾਰਾ ਤੇ ਐਡਵੋਕੇਟ ਕੁਲਦੀਪ ਭੱਟੀ ਤੋਂ ਇਲਾਵਾ ਪੰਚਾਇਤ ਸਕੱਤਰ ਮਲਕੀਤ ਚੰਦ ਨੇ ਦਰਵੇਸ਼ ਪਿੰਡ ਤੋਂ ਇਲਾਵਾ ਜਗਤਪੁਰ ਜੱਟਾਂ, ਉੱਚਾ ਪਿੰਡ, ਨਹਾਲਗੜ੍ਹ ਤੇ ਕ੍ਰਿਪਾਲਪੁਰ ਕਲੋਨੀ ਦੇ ਮੋਹਤਬਰਾਂ ਨੂੰ ਦੱਸਿਆ ਕਿ ਭਾਰਤ ਸਰਕਾਰ ਵਲੋਂ ਗਰੀਬਾਂ ਅਤੇ ਲੋੜਵੰਦਾਂ ਨੂੰ ਨਿਆ ਪ੍ਰਦਾਨ ਕਰਨ ਦੇ ਮਕਸਦ ਨਾਲ ਮੁਫਤ ਕਾਨੂੰਨੀ ਸਹਾਇਤਾ ਪ੍ਰਦਾਨ ਕੀਤੀ ਜਾਂਦੀ ਹੈ ਪਰ ਲੋਕਾਂ ਵਿਚ ਜਾਗਰੁਕਤਾ ਦੀ ਘਾਟ ਦੇ ਚਲਦਿਆਂ ਵਧੇਰੇ ਲੋਕ ਮੁਫਤ ਕਾਨੂੰਨੀ ਸਹਾਇਤਾ ਦਾ ਲਾਭ ਉਠਾਉਣ ਤੋਂ ਵਾਂਝੇ ਰਹਿ ਜਾਂਦੇ ਹਨ। ਉਹਨਾਂ 6 ਤੋਂ 18 ਸਾਲ ਤਕ ਦੇ ਸਕੂਲਾਂ ਵਿਚ ਪੜ੍ਹਦੇ ਬੇਸਹਾਰਾ ਅਤੇ ਅਨਾਥ ਬੱਚਿਆਂ ਦੀ ਸਹਾਇਤਾ ਲਈ ਸਰਕਾਰ ਵਲੋਂ ਚਲਾਈ ਜਾ ਰਹੀ ਸਪੋਂਸਰਸ਼ਿਪ ਐਂਡ ਕੇਅਰ ਸਕੀਮ ਬਾਰੇ ਵੀ ਵਿਸਥਾਰ ਨਾਲ ਜਾਣਕਾਰੀ ਦਿੱਤੇ ਅਤੇ ਦੱਸਿਆ ਕਿ ਬਾਲ ਮਜਦੂਰੀ ਕਰਵਾਉਣਾ ਕਾਨੂੰਨੀ ਜੁਰਮ ਹੈ ਜਿਸ ਦੇ ਲਈ ਸਜਾ ਅਤੇ ਜੁਰਮਾਨਾ ਹੋ ਸਕਦਾ ਹੈ। ਬੁਲਾਰਿਆਂ ਨੇ ਬਿਲਡਿੰਗ ਅਤੇ ਹੋਰ ਉਸਾਰੀ ਕਾਮਿਆਂ ਲਈ ਚਲਾਈਆਂ ਜਾ ਰਹੀਆਂ ਭਲਾਈ ਸਕੀਮਾਂ ਬਾਰੇ ਵੀ ਜਾਗੁਰਕ ਕੀਤਾ ਅਤੇ ਆਰਥਕ ਤੌਰ ਤੇ ਕਮਜੋਰ ਤਬਕਿਆਂ ਦੀ ਭਲਾਈ ਲਈ ਸਰਕਾਰੀ ਸਕੀਮਾਂ ਬਾਰੇ ਮਹੱਤਵਪੂਰਨ ਜਾਣਕਾਰੀ ਦਿੱਤੀ। ਇਸ ਦੌਰਾਨ ਵੱਖ-ਵੱਖ ਪਿੰਡਾਂ ਦੇ ਸਰਪੰਚਾਂ ਨੇ ਵੀ ਵਿਚਾਰ ਪੇਸ਼ ਕੀਤੇ ਅਤੇ ਹਾਜਰੀਨ ਨੂੰ ਸਰਕਾਰੀ ਸਕੀਮਾ ਦਾ ਵੱਧ ਤੋਂ ਵੱਧ ਲਾਭ ਉਠਾਉਣ ਲਈ ਪ੍ਰੇਰਿਆ। ਇਸ ਤੋਂ ਇਲਾਵਾ ਉਹਨਾਂ ਮੌਸਮੀ ਬਿਮਾਰੀਆਂ ਜਿਵੇਂ ਡੇਂਗੂ, ਮਲੇਰੀਆ ਆਦਿ ਤੋਂ ਬਚਾਅ ਲਈ ਪੰਚਾਇਤਾਂ ਨੂੰ ਸਰਕਾਰੀ ਹਦਾਇਤਾਂ ਦੀ ਪਾਲਣਾ ਕਰਨ ਦੀ ਹਦਾਇਤ ਵੀ ਕੀਤੀ।

ਸਰਪੰਚ ਭੁਪਿੰਦਰ ਸਿੰਘ ਨੇ ਸਮੂਹ ਹਾਜ਼ਰੀਨ ਦਾ ਪਹੁੰਚਣ ਲਈ ਧੰਨਵਾਦ ਕੀਤਾ। ਇਸ ਦੌਰਾਨ ਗੁਰਦੁਆਰਾ ਸਾਹਿਬ ਦੇ ਹੈੱਡ ਗ੍ਰੰਥੀ ਭਾਈ ਜਸਵੰਤ ਸਿੰਘ ਨੇ ਵਕੀਲਾਂ ਤੇ ਪਤਵੰਤਿਆਂ ਨੂੰ ਗੁਰੂ ਬਖਸ਼ਿਸ਼ ਸਿਰੋਪਾਓ ਪਾ ਕੇ ਸਨਮਾਨਤ ਕੀਤਾ। ਇਸ ਮੌਕੇ ਸੁਪਰਵਾਈਜਰ ਅਮਰਜੀਤ ਕੌਰ, ਸਰਪੰਚ ਸੰਤੋਸ਼ ਕੁਮਾਰੀ ਜਗਤਪੁਰ ਜੱਟਾਂ, ਸਰਪੰਚ ਸੋਮਨਾਥ ਕ੍ਰਿਪਾਲਪੁਰ ਕਲੋਨੀ, ਸਰਪੰਚ ਰੇਸ਼ਮਾ ਨਿਹਾਲਗੜ੍ਹ ਅਤੇ ਸਰਪੰਚ ਸੁਨੀਤਾ ਰਾਣੀ ਪਿੰਡ ਉੱਚਾ ਤੋਂ ਇਲਾਵਾ ਪਰਮਜੀਤ ਕੌਰ, ਅਮਰਜੀਤ ਕੌਰ ਹਾਜਰ ਸਨ।

## ਪ੍ਰਵਾਸੀ ਭਾਰਤੀਆਂ ਨੇ ਭੇਜੀ 4.60 ਲੱਖ ਰੁਪਏ ਦੀ ਸਹਾਇਤਾ ਰਾਸ਼ੀ

ਫਗਵਾੜਾ (ਸ਼ਿਵ ਕੋੜਾ)-ਸੰਤ ਬਾਬਾ ਨਿਹਾਲ ਸਿੰਘ ਸਕੂਲ ਡਿਵੈਲਪਮੈਂਟ ਕਮੇਟੀ ਪਿੰਡ ਸੰਗਤਪੁਰ ਤਹਿਸੀਲ ਫਗਵਾੜਾ ਵਲੋਂ ਸਰਕਾਰੀ ਪ੍ਰਾਇਮਰੀ ਅਤੇ ਮਿਡਲ ਸਕੂਲ ਪਿੰਡ ਸੰਗਤਪੁਰ ਦੇ ਕਰਵਾਏ ਜਾ ਰਹੇ ਨਵੀਨੀਕਰਨ 'ਚ ਵਡਮੁੱਲਾ ਯੋਗਦਾਨ ਪਾਉਂਦੇ ਹੋਏ ਪ੍ਰਵਾਸੀ ਭਾਰਤੀਆਂ ਹਰਜੀਤ ਸਿੰਘ ਪੁੱਤਰ ਰਣਧੀਰ ਸਿੰਘ, ਬੂਟਾ ਸਿੰਘ ਪੁੱਤਰ ਬਖਸ਼ਾ ਸਿੰਘ, ਹਰਜਿੰਦਰ ਸਿੰਘ ਵਾਲੀਆ, ਅਮਰੀਕ ਸਿੰਘ, ਬੱਗਾ ਅਤੇ ਗੋਲਡੀ ਨੇ ਹਰਜੀਤ ਸਿੰਘ ਰਾਜੂ ਅਤੇ ਬੂਟਾ ਸਿੰਘ ਕਨੇਡਾ ਦੀ ਪ੍ਰੇਰਨਾ ਸਦਕਾ ਸਾਂਝਾ ਉਪਰਾਲਾ ਕਰਦੇ ਹੋਏ 4.60 ਲੱਖ ਰੁਪਏ ਦੀ ਸਹਾਇਤਾ ਰਾਸ਼ੀ ਭੇਜੀ ਹੈ। ਕਮੇਟੀ ਚੇਅਰਮੈਨ ਪ੍ਰਿੰਸੀਪਲ (ਰਿਟਾ.) ਜਸਵਿੰਦਰ ਸਿੰਘ ਬੰਗੜ ਅਤੇ ਕਮੇਟੀ ਪ੍ਰਧਾਨ ਬੀਬੀ ਬਲਵਿੰਦਰ ਕੌਰ ਰੱਤੂ ਤੋਂ ਇਲਾਵਾ ਸੁਖਦੇਵ ਸਿੰਘ ਸੰਗਤਪੁਰ ਕਮੇਟੀ ਸਕੱਤਰ ਨੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਵਿਦੇਸ਼ਾਂ 'ਚ ਵੱਸਦੇ ਪੰਜਾਬੀਆਂ ਦੇ ਸਹਿਯੋਗ ਨਾਲ ਜਲਦੀ ਹੀ ਸਕੂਲ ਦੇ ਨਵੀਨੀਕਰਣ ਦਾ ਕੰਮ ਮੁਕੰਮਲ ਕਰ ਲਿਆ ਜਾਵੇਗਾ। ਉਹਨਾਂ ਵਿਦਿਆਰਥੀਆਂ ਨੂੰ ਵਧੀਆ ਆਧੁਨਿਕ ਵਿਦਿਅਕ ਸਹੂਲਤਾਂ ਉਪਲਬੱਧ ਕਰਵਾਉਣ ਦੀ ਗੱਲ ਵੀ ਕਹੀ। ਇਸ ਮੌਕੇ ਸਕੂਲ ਇੰਚਾਰਜ ਪਰਮਜੀਤ ਕੌਰ, ਵਿਸ਼ਾਲ ਗੁਪਤਾ, ਦਰਸ਼ਨਾ ਦੇਵੀ, ਸੰਦੀਪ ਕੁਮਾਰ, ਅਵਤਾਰ ਕੌਰ, ਦਿਲਦੀਪ ਸਿੰਘ ਬਸਰਾ, ਸੁਰਿੰਦਰ ਕੌਰ, ਪ੍ਰਭਦੀਪ ਕੌਰ, ਸਚਮਨ ਬਸਰਾ, ਅਰਸ਼ਦੀਪ ਹੈਰੀ, ਨੀਟਾ ਬਸਰਾ, ਤਰਲੋਕ ਸਿੰਘ, ਨੰਬਰਦਾਰ ਤਜਿੰਦਰ ਨਾਗਰਾ, ਗੋਰਾ ਮਿਸਤਰੀ, ਠੇਕੇਦਾਰ ਗੋਪੀ ਨਾਥ ਝਾਅ, ਜਸਵਿੰਦਰ ਕੌਰ, ਬਲਬੀਰ ਕੌਰ, ਮਨਜੀਤ ਕੌਰ, ਨਰਿੰਦਰ ਕੌਰ, ਤਜਿੰਦਰ ਕੌਰ, ਜਗਬੀਰ ਸਿੰਘ ਜੱਗੂ ਅਤੇ ਧਰਮਪਾਲ ਆਦਿ ਹਾਜਰ ਸਨ।

# ਦੀਵਾਨ ਟੋਡਰ ਮੱਲ ਦੀ ਬੇਮਿਸਾਲ ਸੇਵਾ

—ਕਰਨੈਲ ਸਿੰਘ ਐਮ.ਏ.

ਮਹਾਨ ਕੋਸ਼ ਦੇ ਕਰਤਾ ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਸੇਵਾ ਦਾ ਅਰਥ ਹੈ ਖ਼ਿਦਮਤ, ਉਪਾਸਨਾ। ਸਿੰਧੀ ਵਿਚ ਸੇਵਾ ਦਾ ਉਚਾਰਨ 'ਸੇਵਾ' ਹੈ ਜਿਸ ਦਾ ਅਰਥ ਪੂਜਾ ਭੇਟਾ ਵੀ ਹੈ।

ਦੀਵਾਨ ਟੋਡਰ ਮੱਲ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸ਼ਰਧਾਲੂ ਸੀ ਜੋ ਖੱਤਰੀ ਪਰਿਵਾਰ ਨਾਲ ਸੰਬੰਧਿਤ ਸੀ। ਗੁਰੂ ਘਰ ਤੇ ਜਦੋਂ ਵੀ ਕੋਈ ਸੰਕਟ (ਮੁਸ਼ਕਲ) ਦਾ ਸਮਾਂ ਆਇਆ ਤਾਂ ਸਿੱਖਾਂ ਦੇ ਨਾਲ-ਨਾਲ ਕੁਝ ਗ਼ੈਰ ਸਿੱਖਾਂ ਨੇ ਵੀ ਤਨ-ਮਨ-ਧਨ ਨਾਲ ਸੇਵਾ ਕਰਕੇ ਆਪਣਾ ਵਿਲੱਖਣ ਯੋਗਦਾਨ ਪਾਇਆ। ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦੋ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ, ਬਾਬਾ ਫ਼ਤਿਹ ਸਿੰਘ ਤੇ ਮਾਤਾ ਗੁੱਜ਼ਰ ਕੌਰ ਦੀ ਸ਼ਹਾਦਤ ਤੋਂ ਬਾਅਦ ਸ਼ਹਿਰ ਵਿਚ ਸੁੰਨ-ਸਾਨ ਦਾ ਮਾਹੌਲ ਹੋ ਗਿਆ। ਸੂਬੇਦਾਰ ਵਜ਼ੀਰ ਖਾਂ ਸਾਹਿਬਜ਼ਾਦਿਆਂ ਤੇ ਮਾਤਾ ਗੁੱਜ਼ਰ ਕੌਰ ਦੀ ਸ਼ਹਾਦਤ ਕਰਨ ਤੋਂ ਬਾਅਦ ਵੀ ਉਸ ਦੇ ਤਪਦੇ ਹਿਰਦੇ ਨੂੰ ਹਾਲੇ ਠੰਢ ਨਹੀਂ ਸੀ ਪਈ। ਇਸ ਲਈ ਉਸ ਨੇ ਮਾਤਾ ਗੁੱਜ਼ਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਦੀਆਂ ਮ੍ਰਿਤਕ ਦੇਹਾਂ ਦੇ ਪੂਰੀ ਰਹਿਤ-ਮਰਯਾਦਾ ਨਾਲ ਅੰਤਿਮ ਕਿਰਿਆ ਕਰਮ ਕਰਨ/ਕਰਵਾਉਣ ਦੀ ਥਾਂ ਸਗੋਂ ਉਹਨਾਂ ਨੂੰ ਰੋਲਣ ਅਤੇ ਖੇਹ ਖ਼ਰਾਬ ਕਰਨ ਤੇ ਆ ਗਿਆ। ਸਾਹਿਬਜ਼ਾਦਿਆਂ ਤੇ ਮਾਤਾ ਗੁੱਜ਼ਰ ਕੌਰ ਦੀਆਂ ਦੇਹਾਂ ਲਾਵਾਰਸ ਹਾਲਤ ਵਿਚ ਹੰਸਲਾ ਨਦੀ ਦੇ ਕਿਨਾਰੇ ਉਜਾੜ ਬੀਆਬਾਨ ਥਾਂ 'ਤੇ (ਜਿੱਥੇ ਅੱਜ-ਕੱਲ੍ਹ ਗੁਰਦੁਆਰਾ ਵਿਮਾਨਗੜ੍ਹ ਸਥਿਤ ਹੈ) ਰੱਖ ਦਿੱਤੀਆਂ ਗਈਆਂ ਹਨ। ਸਰਹਿੰਦ ਦੇ ਇਲਾਕੇ ਵਿਚ ਰਹਿਣ ਵਾਲੇ ਗੁਰੂ ਘਰ ਦੇ ਪ੍ਰੇਮੀਆਂ ਨੂੰ ਜਦੋਂ ਵਜ਼ੀਰ ਖਾਂ ਦੀ ਇਸ ਹਰਕਤ ਦਾ ਪਤਾ ਲੱਗਾ ਤਾਂ ਉਹਨਾਂ ਦਾ ਰੋ-ਰੋ ਕੇ ਬੁਰਾ ਹਾਲ ਹੋ ਗਿਆ, ਜੋ ਦੇਖਿਆ ਨਹੀਂ ਸੀ ਜਾ ਸਕਦਾ।

ਸੂਬੇਦਾਰ ਵਜ਼ੀਰ ਖਾਂ ਤੇ ਉਸ ਦੇ ਅਹਿਲਕਾਰਾਂ ਨੇ 13 ਪੋਹ ਨੂੰ ਹੀ ਇਕ ਸ਼ਾਹੀ ਫ਼ਰਮਾਨ ਜਾਰੀ ਕਰ ਦਿੱਤਾ ਸੀ ਕਿ ਹਕੂਮਤ ਦੇ ਬਾਗੀਆਂ ਦਾ ਸਸਕਾਰ ਸਰਕਾਰੀ ਜ਼ਮੀਨ ਤੇ ਨਹੀਂ ਕੀਤਾ ਜਾ ਸਕਦਾ। ਫ਼ਰਮਾਨ ਵਿਚ ਇਹ ਵੀ ਜ਼ਿਕਰ ਸੀ ਕਿ ਜੇ ਕੋਈ ਇਹਨਾਂ ਤਿੰਨਾਂ ਸਰੀਰਾਂ ਦਾ ਸਸਕਾਰ ਕਰਨਾ ਚਾਹੁੰਦਾ ਹੈ ਤਾਂ ਉਸ ਨੂੰ ਸਰਹਿੰਦ ਦੇ ਚੌਧਰੀ ਕੋਲੋਂ ਸਸਕਾਰ ਜਿੰਨੀ ਥਾਂ ਮੁੱਲ ਲੈਣੀ ਪਵੇਗੀ। ਦੀਵਾਨ ਟੋਡਰ ਮੱਲ ਨੇ ਬਾਬਾ ਜ਼ੋਰਾਵਰ ਸਿੰਘ, ਬਾਬਾ ਫ਼ਤਿਹ ਸਿੰਘ ਤੇ ਮਾਤਾ ਗੁੱਜ਼ਰ ਕੌਰ ਦੀਆਂ ਮ੍ਰਿਤਕ ਦੇਹਾਂ ਦਾ ਅੰਤਿਮ ਸਸਕਾਰ ਕਰਨ ਦੀ ਸਰਕਾਰ ਕੋਲ ਇੱਛਾ ਪ੍ਰਗਟਾਈ। ਵਜ਼ੀਰ ਖਾਂ ਲਾਸ਼ਾਂ ਨੂੰ ਦੀਵਾਨ ਟੋਡਰ ਮੱਲ ਦੇ ਸਪੁਰਦ ਕਰਨ ਲਈ ਰਾਜ਼ੀ ਨਾ ਹੋਇਆ। ਪਰ ਦਿੱਲੀ ਦਰਬਾਰ ਅੰਦਰ ਦੀਵਾਨ ਟੋਡਰ ਮੱਲ ਦੀ ਚੰਗੀ ਜਾਣ-ਪਛਾਣ ਹੋਣ ਕਰਕੇ ਅਤੇ ਕਈ ਵਾਰ ਬੇਨਤੀਆਂ ਕਰਨ ਤੇ ਉਹ ਲਾਸ਼ਾਂ ਦੀਵਾਨ ਟੋਡਰ ਮੱਲ ਨੂੰ ਦੇਣ ਲਈ ਤਿਆਰ ਹੋ ਗਿਆ। ਵਜ਼ੀਰ ਖਾਂ ਦੇ ਮਨ ਵਿਚ ਇਹ ਵਿਚਾਰ ਸੀ ਕਿ ਦੀਵਾਨ ਟੋਡਰ ਮੱਲ ਸ਼ਹੀਦਾਂ ਦੇ ਸਸਕਾਰ ਲਈ ਏਨੀ ਵੱਡੀ ਰਕਮ ਖ਼ਰਚਣ ਲਈ ਤਿਆਰ ਨਹੀਂ ਹੋਵੇਗਾ। ਦੀਵਾਨ ਟੋਡਰ ਮੱਲ ਕੋਲ ਵਾਹਿਗੁਰੂ ਦੀ ਕਿਰਪਾ ਸਦਕਾ ਮਾਇਆ ਦੀ ਕੋਈ ਕਮੀ ਨਹੀਂ ਸੀ। ਦੀਵਾਨ ਟੋਡਰ ਮੱਲ ਨੇ ਸੋਨੇ ਦੀਆਂ ਮੋਹਰਾਂ ਨੂੰ ਠੀਕਰੀਆਂ ਸਮਝਦਿਆਂ ਜ਼ਮੀਨ ਖਰੀਦਣ ਦਾ ਮਨ ਬਣਾਇਆ। ਚੌਧਰੀ ਅੱਤਾ ਉੱਲਾ ਖਾਂ ਜੋ ਅੱਤੇਵਾਲੀ ਪਿੰਡ ਦਾ ਵਸਨੀਕ ਸੀ। ਉਹ ਸਸਕਾਰ ਲਈ ਥਾਂ ਮੁੱਲ ਦੇਣ ਲਈ ਰਾਜ਼ੀ ਹੋ ਗਿਆ। ਦੀਵਾਨ ਟੋਡਰ ਮੱਲ ਨੇ ਤਿੰਨ ਸ਼ਹੀਦਾਂ ਬਾਬਾ ਜ਼ੋਰਾਵਰ ਸਿੰਘ, ਬਾਬਾ ਫ਼ਤਿਹ ਸਿੰਘ ਤੇ ਮਾਤਾ ਗੁੱਜ਼ਰ ਕੌਰ ਦਾ ਸਸਕਾਰ ਕਰਨ ਲਈ 78,000 ਸੋਨੇ ਦੀਆਂ ਮੋਹਰਾਂ (ਅਸ਼ਰਫੀਆਂ) ਖੜ੍ਹੀਆਂ ਕਰਨ ਤੇ ਵਿਛਾ ਕੇ ਮੁਸਲਿਮ ਬਾਦਸ਼ਾਹ ਤੋਂ ਜ਼ਮੀਨ ਖਰੀਦੀ। ਸੋਨੇ ਦੀ ਕੀਮਤ ਦੇ ਮੁਤਾਬਕ ਇਸ ਚਾਰ ਸਕੇਅਰ ਮੀਟਰ ਜ਼ਮੀਨ ਦੀ ਕੀਮਤ ਤੇ ਅਰਬ ਪੰਜਾਹ ਕਰੋੜ ਰੁਪਏ ਬਣਦੀ ਹੈ।

ਦੀਵਾਨ ਟੋਡਰ ਮੱਲ ਨੇ ਬਾਬਾ ਮੋਤੀ ਰਾਮ ਮਹਿਰਾ ਦੇ ਸਹਿਯੋਗ ਤੇ ਹੋਰ ਗੁਰੂ ਘਰ ਦੇ ਸ਼ਰਧਾਵਾਨ ਸਿੱਖਾਂ ਨਾਲ ਰਲ ਕੇ ਗੁਰਦੁਆਰਾ ਵਿਮਾਨਗੜ੍ਹ ਵਾਲੀ ਥਾਂ ਤੋਂ ਮਾਤਾ ਗੁੱਜ਼ਰੀ ਤੇ ਛੋਟੇ ਸਾਹਿਬਜ਼ਾਦਿਆਂ ਦੀਆਂ ਮ੍ਰਿਤਕ ਦੇਹਾਂ ਵਿਮਾਨਾਂ 'ਚ ਸਜਾ ਕੇ ਇਸ ਥਾਂ ਉੱਪਰ ਲਿਆਂਦੀਆਂ। ਪੂਰੇ ਅਦਬ ਸਤਿਕਾਰ ਸਹਿਤ ਸਿੱਖ ਮਰਯਾਦਾ ਅਨੁਸਾਰ ਉਹਨਾਂ ਦਾ ਅੰਤਿਮ ਸਸਕਾਰ ਕੀਤਾ। ਸ਼ਹੀਦਾਂ ਦੇ ਅੰਤਿਮ ਸਸਕਾਰ ਵਾਲੀ ਥਾਂ 'ਤੇ ਗੁਰਦੁਆਰਾ ਸ੍ਰੀ ਜੋਤੀ ਸਰੂਪ ਸਾਹਿਬ ਸਥਿਤ ਹੈ।

ਗੁਰਦੁਆਰਾ ਫ਼ਤਿਹਗੜ੍ਹ ਸਾਹਿਬ ਵਿਖੇ ਟੋਡਰ ਮੱਲ ਦੇ ਨਾਂ 'ਤੇ 'ਭਾਈ ਟੋਡਰ ਮੱਲ ਦੀਵਾਨ ਹਾਲ' ਬਣਾਇਆ ਗਿਆ ਹੈ। ਇਸ ਅਸਥਾਨ ਦੀ ਸੇਵਾ ਬਾਬਾ ਹਰਬੰਸ ਸਿੰਘ ਕਾਰ-ਸੇਵਾ ਦਿੱਲੀ ਵਾਲਿਆਂ ਵੱਲੋਂ ਕਰਵਾਈ ਗਈ। ਜਿੱਥੇ ਹਰ ਸੰਗਰਾਂਦ, ਸਾਲਾਨਾ ਸ਼ਹੀਦੀ ਜੋੜ ਮੇਲ ਸਮੇਂ ਅਤੇ ਹੋਰ ਧਾਰਮਿਕ ਮੌਕਿਆਂ ਤੇ ਵੱਡੇ ਸਮਾਗਮ ਹੁੰਦੇ ਹਨ ਅਤੇ ਦੀਵਾਨ ਸਜਦੇ ਹਨ। ਦੀਵਾਨ ਟੋਡਰ ਮੱਲ ਦੀ ਆਲੀਸ਼ਾਨ ਹਵੇਲੀ, ਜਿਸ ਨੂੰ ਜਹਾਜ਼ ਮੰਜ਼ਿਲ ਹਵੇਲੀ ਜਾਂ ਜਹਾਜ਼ਨੁਮਾ ਹਵੇਲੀ ਵੀ ਕਿਹਾ ਜਾਂਦਾ ਹੈ, ਅੱਜ ਵੀ ਮੌਜੂਦ ਹੈ।

**ਮਿਲਕਫੂਡ ਲਿਮਟਿਡ** milkfood
ਸੀ ਆਈ ਐਨ : L15201PB1973PLC003746
ਰਜਿਸਟਰਡ ਦਫਤਰ : ਪੋਸਟ ਆਫਿਸ ਬਹਾਦੁਰਗੜ੍ਹ,
ਜ਼ਿਲ੍ਹਾ : ਪਟਿਆਲਾ-147021, (ਪੰਜਾਬ),
ਫੋਨ : 0175-2381404/2381415, ਫੈਕਸ : 0175-2380248
E-mail:milkfoodltd@milkfoodltd.com
Website : www.milkfoodltd.com

**ਨੋਟਿਸ**

ਕੰਪਨੀਜ਼ ਐਕਟ, 2013, ਦੇ ਸੈਕਸ਼ਨ 91 ਦੀ ਪਾਲਣਾ ਕਰਦੇ ਹੋਏ ਅਤੇ ਨਾਲ ਹੀ ਲਾਗੂ ਹੋਣ ਯੋਗ ਰੂਲਜ਼ ਦੇ ਅਧੀਨ ਦੀ ਵਿਵਸਥਾ ਅਨੁਸਾਰ ਇਹ ਸੂਚਿਤ ਕੀਤਾ ਜਾਂਦਾ ਹੈ, ਡਾਇਰੈਕਟਰਾਂ ਦੇ ਬੋਰਡ ਮੀਟਿੰਗ ਜਿਹੜੀ ਸ਼ਨੀਵਾਰ, 19 ਨਵੰਬਰ, 2022 ਨੂੰ ਹੋਈ ਨੇ ਹੋਰ ਗੱਲਾਂ ਦੇ ਇਲਾਵਾ ਅੰਤਰਿਮ ਡਿਵੀਡੈਂਡ 25% ਰੇਟ ਦੇ ਅਨੁਸਾਰ ਦੇਣ ਦਾ ਐਲਾਨ ਕੀਤਾ ਹੈ ਅਰਥਾਤ 2.50 ਰੁਪਏ ਪ੍ਰਤੀ ਪੂਰੀ ਤਰ੍ਹਾਂ ਪੇਡ ਅਪ ਕੰਪਨੀ ਦੇ ਇਕਵਿਟੀ ਸ਼ੇਅਰ 10/- ਰੁਪਏ ਪ੍ਰਤੀ ਵਿੱਤੀ ਵਰ੍ਹੇ [2022-23]। ਜਿਹੜਾ ਕਿ ਉਹਨਾਂ ਸ਼ੇਅਰ ਹੋਲਡਰਾਂ ਨੂੰ ਭੁਗਤਾਨ ਯੋਗ ਹੋਵੇਗਾ ਜਿਹਨਾਂ ਦੇ ਨਾਂ ਮੈਂਬਰਾਂ ਦੇ ਰਜਿਸਟਰ ਵਿਚ ਬਿਜ਼ਨਸ ਆਵਰਜ਼ ਬੁੱਧਵਾਰ, 30 ਨਵੰਬਰ, 2022 ਨੂੰ ਖਤਮ ਹੋਣ ਤੇ ਦਿਖਾਈ ਦੇਣਗੇ ਜਿਸ ਦਾ ਮਤਲਬ ਰਿਕਾਰਡ ਵਿੱਚ ਹੋਣਗੇ। ਉਪਰੋਕਤ ਅੰਤਰਿਮ ਡਿਵੀਡੈਂਡ ਰਿਕਾਰਡ ਤਾਰੀਖ ਦੇ 30 ਦਿਨਾਂ ਦੇ ਅੰਦਰ ਅੰਦਰ ਉਸ ਦਾ ਭੁਗਤਾਨ/ਡਿਸਪੈਚ ਕੀਤਾ ਜਾਏ।

ਵਾਸਤੇ ਮਿਲਕਫੂਡ ਲਿਮਟਿਡ
ਸਹੀ/-
ਮਿਤੀ : 19.11.2022 ਰਾਕੇਸ਼ ਕੁਮਾਰ ਠਾਕੁਰ
ਥਾਂ : ਨਵੀਂ ਦਿੱਲੀ ਕੰਪਨੀ ਸੈਕਰੇਟਰੀ

ਐਡੀਟਰ, ਪ੍ਰਿੰਟਰ ਅਤੇ ਪਬਲਿਸ਼ਰ ਓਮ ਪ੍ਰਕਾਸ਼ ਖੇਮਕਰਨੀ ਨੇ ਦਸ਼ਮੇਸ਼ ਪ੍ਰਿੰਟਰਜ਼ ਰਣਜੀਤ ਨਗਰ ਅਤੇ ਨਵਾਂ ਜ਼ਮਾਨਾ ਪ੍ਰਿੰਟਰਜ਼ ਨਹਿਰੂ ਗਾਰਡਨ ਰੋਡ ਜਲੰਧਰ ਤੋਂ ਛਪਵਾ ਕੇ ਦਫਤਰ ਰੋਜ਼ਾਨਾ ਮਿਹਨਤ (ਪੰਜਾਬੀ) ਕਨਾਟ ਸਰਕਸ ਪੱਕਾ ਬਾਗ, ਜਲੰਧਰ ਤੋਂ ਪ੍ਰਕਾਸ਼ਿਤ ਕੀਤਾ। ਮਾਲਕ ਕਮਲ ਕੁਮਾਰ ਸ਼ਰਮਾ। ਆਰ.ਐਨ.ਆਈ ਰਜਿਸਟਰੇਸ਼ਨ ਨੰਬਰ 61817/95